## ਅਧਿਆਇ 23

# ਇਸਰਾਏਲ ਨੂੰ ਬਰਕਤ ਦੇਣ ਦੇ ਲਈ ਬਿਲਆਮ ਦੀਆਂ ਨਬੂਵਤਾਂ (ਭਾਗ 1)

ਬਿਲਆਮ ਨੂੰ ਮੋਆਬ ਦੇ ਰਾਜਾ ਬਾਲਾਕ ਦੁਆਰਾ ਮਸੋਪੋਤਾਮੀਆ ਤੋਂ ਇਸਰਾਏਲ ਦੀ ਪਰਜਾ ਨੂੰ ਸਰਾਪ ਦੇਣ ਦੇ ਲਈ ਲਿਆਂਦਾ ਗਿਆ ਸੀ ਜਿਹੜੀ ਉਸ ਦੇ ਰਾਜ ਦੇ ਲਈ ਖ਼ਤਰਾ ਬਣ ਰਹੀ ਸੀ। ਬਿਲਆਮ ਦੇ ਮੋਆਬ ਵਿਚ ਪਹੁੰਚਣ ਤੇ, ਉਸ ਨੇ ਬਾਲਾਕ ਨੂੰ ਆਖਿਆ ਕਿ ਉਹ ਸਿਰਫ ਉਹੀ "ਵਾਕ ਬੋਲੇਗਾ ਜੋ ਪਰਮੇਸ਼ੁਰ" ਉਸ ਦੇ ਮੂੰਹ ਵਿਚ ਪਾਵੇਗਾ (22:38)। ਗਿਣਤੀ 23 ਅਤੇ 24 ਅਧਿਆਇ ਵਿਚ ਉਹ ਸੰਦੇਸ਼ ਹਨ ਜੋ ਬਿਲਆਮ ਨੂੰ ਇਸਰਾਏਲ ਸੰਬੰਧੀ ਪਰਮੇਸ਼ੁਰ ਦੀ ਵੱਲੋਂ ਮਿਲੇ ਸਨ - ਸੰਦੇਸ਼ ਜਿਨ੍ਹਾਂ ਨੇ ਇਸਰਾਏਲ ਨੂੰ ਸਰਾਪ ਦੇਣ ਦੀ ਬਜਾਇ ਬਰਕਤ ਦਿੱਤੀ ਸੀ (ਵੇਖੋ *ਵਾਧੂ ਅਧਿਐਨ: ਗਿਣਤੀ 23 ਅਤੇ 24 ਵਿਚ ਪਰਮੇਸ਼ੁਰ ਵੱਲੋਂ ਇਸਰਾਏਲ ਨੂੰ ਬਰਕਤ ਦੇਣ ਲਈ ਬਿਲਆਮ ਦੀਆਂ ਚਾਰ ਨਬੂਵਤਾਂ*, ਸਫ਼ਾ 156)।

ਚਾਰ ਸੰਦੇਸ਼, ਦੋ ਇਸ ਅਧਿਆਇ ਵਿਚ ਅਤੇ ਦੋ 24 ਅਧਿਆਇ ਵਿਚ, ਕਵਿਤਾ ਦੇ ਰੂਪ ਵਿਚ "ਨਬੂਵਤਾਂ" (ਵੇਖੋ NIV) ਵਜੋਂ ਪੇਸ਼ ਕੀਤੇ ਗਏ ਹਨ। ਚਾਰ ਵਿੱਚੋਂ ਪਹਿਲੇ ਤਿੰਨ ਸੰਦੇਸ਼ ਇਕ ਵੱਖਰੀ ਥਾਂ ਵਿੱਚੋਂ ਦਿੱਤੇ ਗਏ ਸਨ, ਇਕ ਰਸਮ ਤੋਂ ਪਹਿਲਾਂ ਜਿਸ ਵਿਚ ਬਲੀਆਂ ਦਾ ਚੜ੍ਹਾਇਆ ਜਾਣਾ ਸ਼ਾਮਲ ਸੀ ਅਤੇ ਉਸ ਤੋਂ ਬਾਅਦ ਸੰਦੇਸ਼ ਵਿਚ ਬਾਲਾਕ ਦੀ ਨਿਰਾਸ਼ਾ ਪਰਗਟ ਹੁੰਦੀ ਹੈ ਅਤੇ ਬਿਲਆਮ ਦਾ ਜ਼ੋਰ ਦੇ ਕੇ ਇਹ ਕਹਿਣਾ ਕਿ ਉਹ ਸਿਰਫ ਉਹੀ ਬੋਲ ਸਕਦਾ ਸੀ ਜੋ ਪਰਮੇਸ਼ੁਰ ਨੇ ਉਸ ਨੂੰ ਕਹਿਣ ਦੇ ਲਈ ਦਿੱਤਾ ਸੀ। ਚੌਥਾ ਸੰਦੇਸ਼, ਬਲੀ ਤੋਂ ਪਹਿਲਾਂ ਨਹੀਂ, ਤਿੰਨ ਅਗੰਮ ਵਾਕਾਂ ਦੀ ਲੜੀ ਨਾਲ ਖਤਮ ਹੁੰਦਾ ਹੈ ਜੋ ਵੱਖ-ਵੱਖ ਕੌਮਾਂ ਦੇ ਵਿਰੁੱਧ ਕੀਤੇ ਗਏ ਸਨ। NASB ਬਾਈਬਲ ਵਿਚ ਚਾਰੇ ਦੇ ਚਾਰੇ ਅਗੰਮ ਵਾਕ ਇਸ ਕਥਨ ਨਾਲ ਪੇਸ਼ ਕੀਤੇ ਗਏ ਹਨ ਕਿ ਬਿਲਆਮ ਨੇ "ਆਪਣਾ ਅਗੰਮ ਵਾਕ ਖੋਲ੍ਹ ਕੇ ਆਖਿਆ" (23:7, 18; 24:3, 15) ਅਤੇ ਇਸ ਲਈ ਤਿੰਨ ਅਗੰਮ ਵਾਕ ਓਪਰੀਆਂ ਕੌਮਾਂ ਦੇ ਵਿਰੁੱਧ ਸਨ (24:20, 21, 23)। ਫਿਰ, ਬਿਲਆਮ ਨੇ ਕੁੱਲ ਸੱਤ "ਅਗੰਮ ਵਾਕ," ਜਾਂ "ਨਬੂਵਤਾਂ" ਕੀਤੀਆਂ ਸਨ। "ਅਗੰਮ ਵਾਕ" (מָשָׁל, *ਮਸ਼ਲ*) ਸ਼ਬਦ ਇਨ੍ਹਾਂ ਸਾਰੇ ਬੰਦਾਂ ਵਿਚ ਮਿਲਦਾ ਹੈ ਜਿਸ ਦਾ ਸ਼ਾਬਦਿਕ ਅਰਥ "ਦ੍ਰਿਸ਼ਟਾਂਤ" ਜਾਂ "ਕਹਾਉਤ" ਹੈ; ਪਰ ਇਨ੍ਹਾਂ ਆਇਤਾਂ ਵਿਚ, ਇਸ ਸ਼ਬਦ ਨੂੰ ਇਸ ਤਰੀਕੇ ਨਾਲ ਵਰਤਿਆ ਗਿਆ ਹੈ ਕਿ ਇਸ ਦਾ ਅਰਥ "ਨਬੂਵਤ" ਹੈ।[1]

ਬਿਲਆਮ ਦੇ ਅਗੰਮ ਵਾਕ ਤਰਤੀਬ ਵਿਚ ਹਨ ਜੋ ਇਹ ਐਲਾਨ ਕਰਦੇ ਸਨ ਕਿ ਪਰਮੇਸ਼ੁਰ ਨੇ ਇਸਰਾਏਲ ਨੂੰ ਬਰਕਤ ਹੀ ਬਰਕਤ ਦਿੱਤੀ ਸੀ ਅਤੇ ਇਸਰਾਏਲ ਖੁਸ਼ਹਾਲ

ਹੋਵੇਗਾ, ਜਦ ਕਿ ਉਨ੍ਹਾਂ ਦੇ ਵੈਰੀ ਸਰਾਪਤ ਹੋਣਗੇ। ਦੁਬਿਧਾ ਵਧ ਗਈ ਜਦੋਂ ਬਾਲਾਕ ਨੇ ਤਿੰਨ ਵਾਰ ਬਿਲਆਮ ਕੋਲੋਂ ਉਸ ਦੇ ਵੈਰੀ ਨੂੰ ਸਰਾਪ ਦਿਵਾਉਣ ਦੀ ਕੋਸ਼ਿਸ਼ ਕੀਤੀ। ਪਾਠਕ ਹਰ ਵਾਰ ਇਹ ਪੁੱਛ ਸਕਦਾ ਸੀ, "ਕੀ ਬਾਲਾਕ ਇਸ ਵਾਰ ਸਫ਼ਲ ਹੋਵੇਗਾ? ਕੀ ਬਿਲਆਮ ਇਸਰਾਏਲ ਨੂੰ ਸਰਾਪ ਦੇਵੇਗਾ?" ਹਰ ਵਾਰ ਬਾਲਾਕ ਦੇ ਹੱਥ ਨਿਰਾਸ਼ਾ ਹੀ ਲੱਗੀ ਅਤੇ ਉਸ ਦੀ ਨਿਰਾਸ਼ਾ - ਜੋ ਬਿਲਆਮ ਦੇ ਵਾਕਾਂ ਦੇ ਪ੍ਰਤੀ ਉਸ ਦੇ ਜਵਾਬ ਵਿਚ ਪਰਗਟ ਹੋਈ - ਮਾਯੂਸੀ ਵਿਚ ਅਤੇ ਫਿਰ ਮਾਯੂਸੀ ਗੁੱਸੇ ਵਿਚ ਤਬਦੀਲ ਹੋ ਗਈ। ਚੌਥੇ ਅਗੰਮ ਵਾਕ ਵਿਚ, ਕਹਾਣੀ ਇਸ ਦੀ ਚਰਮ ਸੀਮਾ ਤੇ ਪਹੁੰਚੀ ਜਦੋਂ ਬਿਲਆਮ ਨੇ ਇਕ ਮਹਾਨ ਰਾਜਾ, ਇਕ "ਤਾਰੇ" ਦੀ ਨਬੂਵਤ ਕੀਤੀ ਜਿਹੜਾ "ਯਾਕੂਬ ਤੋਂ ਚੜ੍ਹੇਗਾ" ਅਤੇ ਮੋਆਬੀਆਂ ਅਤੇ ਆਦੋਮੀਆਂ ਨੂੰ ਵਿੰਨ੍ਹੇਗਾ (24:17-19)। ਇਨ੍ਹਾਂ ਨੇ ਬਰਕਤਾਂ ਦੇ ਉਨ੍ਹਾਂ ਵਾਅਦਿਆਂ ਨੂੰ ਨਵਾਂ ਕਰ ਦਿੱਤਾ ਜਿਹੜੇ ਪਹਿਲਾਂ ਜਾਂ ਤਾਂ ਇਸਰਾਏਲ ਦੇ ਪਿਉ-ਦਾਦਿਆਂ ਜਾਂ ਕੌਮ ਨਾਲ ਕੀਤੇ ਗਏ ਸਨ (ਵੇਖੋ *ਵਾਧੂ ਅਧਿਐਨ: ਗਿਣਤੀ 23 ਅਤੇ 24 ਵਿਚ ਬਿਲਆਮ ਦੀਆਂ ਨਬੂਵਤਾਂ ਵਿਚ ਪਰਮੇਸ਼ੁਰ ਦੇ ਵਾਅਦਿਆਂ ਨੂੰ ਨਵਾਂ ਕੀਤਾ ਗਿਆ*, ਸਫ਼ਾ 157)।

ਇਸ ਵਿਚ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ ਬਾਲਾਕ ਜਿਹੜਾ ਕਿ ਇਸਰਾਏਲ ਨੂੰ ਸਰਾਪ ਦਿੰਦਿਆਂ ਵੇਖਣਾ ਚਾਹੁੰਦਾ ਸੀ, ਬਿਲਆਮ ਦੇ ਬਰਕਤ ਵਾਲੇ ਸ਼ਬਦਾਂ ਤੋਂ ਪਰੇਸ਼ਾਨ ਸੀ। ਇਸ ਦੇ ਉਲਟ, ਜਦੋਂ ਇਸਰਾਏਲੀਆਂ ਨੂੰ ਪਰਮੇਸ਼ੁਰ ਦੁਆਰਾ ਦਿੱਤੀਆਂ ਗਈਆਂ ਅਤੇ ਬਿਲਆਮ ਦੁਆਰਾ ਘੋਸ਼ਣਾ ਕੀਤੀਆਂ ਗਈਆਂ ਬਰਕਤਾਂ ਦੇ ਬਾਰੇ ਪਤਾ ਲੱਗਾ, ਉਨ੍ਹਾਂ ਵਾਕਾਂ ਜਾਂ ਸ਼ਬਦਾਂ ਨੇ ਉਨ੍ਹਾਂ ਨੂੰ ਬਹੁਤ ਜ਼ਿਆਦਾ ਉਤਸ਼ਾਹਿਤ ਕੀਤਾ ਹੋਵੇਗਾ।

## ਪਹਿਲੀ ਨਬੂਵਤ:<br>"ਯਹੋਵਾਹ ਨੇ ਇਸਰਾਏਲ ਨੂੰ ਬਰਕਤ ਦਿੱਤੀ ਹੈ" (23:1-12)

**[1]ਫੇਰ ਬਿਲਆਮ ਨੇ ਬਾਲਾਕ ਨੂੰ ਆਖਿਆ, ਏਥੇ ਮੇਰੇ ਲਈ ਸੱਤ ਜਗਵੇਦੀਆਂ ਬਣਾ
ਅਤੇ ਏਥੇ ਮੇਰੇ ਲਈ ਸੱਤ ਬਲਦ ਅਤੇ ਸੱਤ ਛੱਤ੍ਰੇ ਤਿਆਰ ਕਰ। [2]ਤਾਂ ਜਿਵੇਂ ਬਿਲਆਮ
ਬੋਲਿਆ ਸੀ ਤਿਵੇਂ ਬਾਲਾਕ ਨੇ ਕੀਤਾ ਅਤੇ ਬਾਲਾਕ ਅਤੇ ਬਿਲਆਮ ਨੇ ਹਰ ਜਗਵੇਦੀ ਉੱਤੇ
ਇੱਕ ਇੱਕ ਬਲਦ ਅਤੇ ਇੱਕ ਇੱਕ ਛੱਤ੍ਰਾ ਚੜ੍ਹਾਇਆ। [3]ਤਾਂ ਬਿਲਆਮ ਨੇ ਬਾਲਾਕ ਨੂੰ
ਆਖਿਆ, ਆਪਣੇ ਚੜ੍ਹਾਵੇ ਕੋਲ ਖਲੋ ਜਾਹ ਅਤੇ ਮੈਂ ਜਾਵਾਂਗਾ, ਸ਼ਾਇਤ ਯਹੋਵਾਹ ਮੈਨੂੰ ਮਿਲਣ
ਆਵੇ। ਜਿਹੜੀ ਗੱਲ ਉਹ ਮੈਨੂੰ ਵਿਖਾਵੇਗਾ ਉਹ ਮੈਂ ਤੈਨੂੰ ਦੱਸਾਂਗਾ। ਤਾਂ ਉਹ ਇੱਕ ਨੰਗੇ
ਪਰਬਤ ਉੱਤੇ ਗਿਆ। [4]ਅਤੇ ਪਰਮੇਸ਼ੁਰ ਬਿਲਆਮ ਨੂੰ ਮਿਲਿਆ ਅਤੇ ਉਹ ਨੂੰ ਉਸ ਨੇ
ਆਖਿਆ, ਮੈਂ ਉਨ੍ਹਾਂ ਸੱਤਾਂ ਜਗਵੇਦੀਆਂ ਨੂੰ ਸੁਆਰ ਕੇ ਰੱਖਿਆ ਹੈ ਅਤੇ ਹਰ ਜਗਵੇਦੀ ਉੱਤੇ
ਇੱਕ ਇੱਕ ਬਲਦ ਅਤੇ ਇੱਕ ਇੱਕ ਛੱਤ੍ਰਾ ਚੜ੍ਹਾਇਆ ਹੈ। [5]ਤਾਂ ਯਹੋਵਾਹ ਨੇ ਇੱਕ ਵਾਕ
ਬਿਲਆਮ ਦੇ ਮੂੰਹ ਵਿੱਚ ਪਾਇਆ ਅਤੇ ਆਖਿਆ, ਬਾਲਾਕ ਕੋਲ ਮੁੜ ਕੇ ਇਉਂ ਇਉਂ ਬੋਲੀਂ।
[6]ਤਾਂ ਉਹ ਉਹ ਦੇ ਕੋਲ ਮੁੜ ਆਇਆ ਅਤੇ ਵੇਖੋ, ਓਹ ਆਪਣੇ ਚੜ੍ਹਾਵੇ ਕੋਲ ਖਲੋਤਾ ਸੀ ਅਤੇ
ਉਹ ਦੇ ਨਾਲ ਮੋਆਬ ਦੇ ਸਾਰੇ ਸਰਦਾਰ ਸਨ। [7]ਉਸ ਨੇ ਆਪਣਾ ਅਗੰਮ ਵਾਕ ਖੋਲ੍ਹ ਕੇ
ਆਖਿਆ, ਅਰਾਮ ਤੋਂ ਬਾਲਾਕ ਮੈਨੂੰ ਲਿਆਇਆ, ਮੋਆਬ ਦਾ ਰਾਜਾ ਪੂਰਬ ਦੇ ਪਹਾੜ ਤੋਂ,
ਆ, ਮੇਰੇ ਲਈ ਯਾਕੂਬ ਨੂੰ ਸਰਾਪ ਦੇਹ, ਅਤੇ ਆ, ਇਸਰਾਏਲ ਨੂੰ ਧਿੱਕਾਰ। [8]ਮੈਂ ਕਿਵੇਂ ਉਹ
ਨੂੰ ਫਿਟਕਾਰਾਂ, ਜਿਸ ਨੂੰ ਪਰਮੇਸ਼ੁਰ ਨੇ ਨਹੀਂ ਫਿਟਕਾਰਿਆ? ਅਤੇ ਮੈਂ ਕਿਵੇਂ ਉਹ ਨੂੰ ਧਿੱਕਾਰਾਂ,
ਜਿਹ ਨੂੰ ਯਹੋਵਾਹ ਨੇ ਨਹੀਂ ਧਿੱਕਾਰਿਆ? [9]ਚਟਾਨ ਦੀਆਂ ਟੀਸੀਆਂ ਤੋਂ ਮੈਂ ਉਹ ਨੂੰ ਵੇਖਦਾ
ਹਾਂ, ਅਤੇ ਪਰਬਤਾਂ ਤੋਂ ਮੈਂ ਉਸ ਉੱਤੇ ਨਿਗਾਹ ਮਾਰਦਾ ਹਾਂ। ਓਹ ਪਰਜਾ ਇਕੱਲੀ ਵੱਸਦੀ**

**ਹੈ, ਅਤੇ ਕੌਮਾਂ ਦੇ ਵਿੱਚ ਓਹ ਆਪਣੇ ਆਪ ਨੂੰ ਨਹੀਂ ਗਿਣਦੀ। [10]ਯਾਕੂਬ ਦੀ ਧੂੜ ਦੇ ਕਿਣਕਿਆਂ ਨੂੰ ਕਿਨ ਗਿਣਿਆ? ਯਾ ਕਿਨ ਇਸਰਾਏਲ ਦੀ ਚੌਥਾਈ ਦੀ ਗਿਣਤੀ ਕੀਤੀ? ਮੇਰੀ ਜਾਨ ਧਰਮੀਆਂ ਦੀ ਮੌਤ ਮਰੇ, ਅਤੇ ਮੇਰਾ ਅੰਤ ਉਸ ਵਰਗਾ ਹੋਵੇ! [11]ਤਾਂ ਬਾਲਾਕ ਨੇ ਬਿਲਆਮ ਨੂੰ ਆਖਿਆ, ਤੈਂ ਮੇਰੇ ਨਾਲ ਕੀ ਕੀਤਾ? ਮੈਂ ਤੈਨੂੰ ਆਪਣੇ ਵੈਰੀਆਂ ਲਈ ਬਦ ਦੁਆ ਕਰਨ ਲਈ ਲਿਆਂਦਾ ਅਤੇ ਵੇਖ, ਤੈਂ ਉਨ੍ਹਾਂ ਨੂੰ ਬਰਕਤ ਹੀ ਬਰਕਤ ਦਿੱਤੀ? [12]ਉਸ ਨੇ ਉੱਤ੍ਰ ਦਿੱਤਾ, ਕੀ ਮੈਂ ਉਸ ਵਾਕ ਨੂੰ ਨਾ ਮੰਨਾਂ ਜਿਹੜਾ ਯਹੋਵਾਹ ਨੇ ਮੇਰੇ ਮੂੰਹ ਵਿੱਚ ਪਾਇਆ?**

ਜਦੋਂ ਅਸੀਂ ਬਿਲਆਮ ਵੱਲੋਂ ਬਾਲਾਕ ਦੇ ਲਈ ਸੰਦੇਸ਼ਾਂ ਨੂੰ ਪੜ੍ਹਦੇ ਹਾਂ, ਕਹਾਣੀ ਵਿਚ ਅਪਵਾਦ ਹੋਰ ਜ਼ਿਆਦਾ ਸਪੱਸ਼ਟ ਹੋ ਜਾਂਦਾ ਹੈ। ਇਹ ਇਕ ਅਪਵਾਦ ਸੀ, ਪਹਿਲਾਂ, ਬਿਲਆਮ ਨਬੀ ਅਤੇ ਬਾਲਾਕ ਰਾਜਾ ਦੇ ਵਿਚਕਾਰ, ਜਿਹੜੇ ਵਿਰੋਧੀ ਉਦੇਸ਼ਾਂ ਨਾਲ ਚੱਲੇ ਸਨ। ਬਾਲਾਕ ਆਪਣੇ ਰਾਜ ਦੇ ਲਈ ਉਸ ਦੀ ਚਿੰਤਾ ਅਤੇ ਇਸਰਾਏਲ ਦੇ ਕਰਕੇ ਉਸ ਦੇ ਡਰ ਦੁਆਰਾ ਪ੍ਰੇਰਿਆ ਗਿਆ ਸੀ ਅਤੇ ਬਿਲਆਮ ਸਿਰਫ ਉਹ ਬੋਲਣ ਦੇ ਆਪਣੇ ਪੱਕੇ ਇਰਾਦੇ ਦੁਆਰਾ ਜੋ ਯਹੋਵਾਹ ਨੇ ਉਸ ਨੂੰ ਕਹਿਣ ਦੇ ਲਈ ਦਿੱਤਾ ਸੀ। ਡੂੰਘੇ ਪੱਧਰ ਤੇ, ਅਪਵਾਦ ਪਰਮੇਸ਼ੁਰ ਅਤੇ ਉਸ ਦੀ ਪਰਜਾ ਦੇ ਵਿਚਕਾਰ ਸੀ, ਜਿਨ੍ਹਾਂ ਦੀ ਨੁਮਾਇੰਦਗੀ ਬਿਲਆਮ ਅਤੇ ਮੋਆਬ ਦੀ ਕੌਮ - ਨਾਲੇ ਕਿਸੇ ਹੋਰਨਾਂ ਦੁਆਰਾ ਜਿਹੜੇ ਪਰਮੇਸ਼ੁਰ ਨੂੰ ਉਸ ਦੇ ਉਦੇਸ਼ਾਂ ਨੂੰ ਪੂਰਾ ਕਰਨ ਤੋਂ ਰੋਕਣ ਦੀ ਕੋਸ਼ਿਸ਼ ਕਰਨਗੇ - ਦੁਆਰਾ ਕੀਤੀ ਗਈ ਸੀ।

**ਆਇਤਾਂ 1, 2.** ਬਿਲਆਮ ਦੇ ਪਹਿਲੇ ਅਗੰਮ ਵਾਕ ਤੋਂ ਪਹਿਲਾਂ, ਬਾਲਾਕ ਉਸ ਨੂੰ "ਬਆਲ ਦੀਆਂ ਉਚਿਆਈਆਂ," ਜਾਂ "ਬਾਮੋਥ ਬਆਲ" (NIV) ਉੱਤੇ ਲੈ ਗਿਆ ਸੀ, ਉਸ ਥਾਂ ਤੋਂ ਉਹ ਇਸਰਾਏਲ ਦੀ "ਪਰਜਾ ਦੀਆਂ ਸਰਹੱਦਾਂ" ਨੂੰ ਵੇਖ ਸਕਦਾ ਸੀ (22:41)। ਇਹ ਥਾਂ ਸ਼ਾਇਦ ਉਹੀ ਥਾਂ ਹੈ ਜਿਸ ਦਾ ਜ਼ਿਕਰ ਇਸਰਾਏਲ ਦੇ ਸਫ਼ਰ ਦੇ ਅੰਤ ਦੇ ਨੇੜੇ "ਬਾਮੋਥ" ਵਜੋਂ ਕੀਤਾ ਗਿਆ ਸੀ (21:19)। ਜਦ ਕਿ ਇਸ ਦੀ ਸਥਿਤੀ ਅਨਿਸ਼ਚਤ ਹੈ, ਇਹ ਅਰਨੋਨ ਦੇ ਉੱਤਰ ਵੱਲ ਕਈ ਮੀਲਾਂ ਤੇ ਸਥਿਤ ਹੋਵੇਗਾ - ਸੰਭਵ ਤੌਰ ਤੇ "ਨਬੋ ਪਹਾੜ ਦੇ ਇਲਾਕੇ ਵਿਚ ਯਰਦਨ ਪਾਰ ਪਠਾਰ ਦੇ [ਪੱਛਮੀ] ਕੰਢੇ ਦੀ ਉਚਿਆਈ ਤੇ।"[2] "ਬਾਮੋਥ-ਬਆਲ" ਨਿਰੀ ਉਚਿਆਈਆਂ ਦੀ ਇਕ ਲੜੀ ਨਹੀਂ ਸੀ; ਉੱਥੇ ਇਕ ਸ਼ਹਿਰ ਵੀ ਸੀ। ਧਰਤੀ ਦੀ ਵੰਡ ਵਿਚ, ਇਹ ਰਊਬੇਨ ਦੇ ਗੋਤ ਨੂੰ ਦਿੱਤਾ ਗਿਆ ਸੀ (ਯਹੋਸ਼ੁਆ 13:17)।

ਬਾਮੋਥ-ਬਆਲ ਵਿਚ, **ਬਿਲਆਮ** ਨੇ **ਬਾਲਾਕ** ਨੂੰ **ਸੱਤ ਜਗਵੇਦੀਆਂ ... ਸੱਤ ਬਲਦ ਅਤੇ ਸੱਤ ਛੱਤ੍ਰੇ ਤਿਆਰ ਕਰਨ** ਦੀ ਹਦਾਇਤ ਦਿੱਤੀ ਸੀ। ਜਦੋਂ ਸਭ ਤਿਆਰੀਆਂ ਮੁਕੰਮਲ ਹੋ ਗਈਆਂ, **ਬਾਲਾਕ ਅਤੇ ਬਿਲਆਮ ਨੇ** ਹੋਮ ਦੀ ਬਲੀ ਦੇ ਰੂਪ ਵਿਚ **ਇੱਕ ਇੱਕ ਬਲਦ ਅਤੇ ਇੱਕ ਇੱਕ ਛੱਤ੍ਰਾ ਚੜ੍ਹਾਇਆ**। ਬਲੀਆਂ ਸੰਬੰਧੀ, ਜ਼ਰੂਰ ਹੈ ਕਿ ਇਸ ਮੌਕੇ ਤੇ ਬਾਲਾਕ ਅਤੇ ਬਿਲਆਮ ਦੋਵਾਂ ਨੇ ਬਲੀਆਂ ਚੜ੍ਹਾਈਆਂ ਸਨ, ਜਦ ਕਿ 23:30 ਵਿਚ ਬਾਅਦ ਵਿਚ ਜੋ ਬਲੀਆਂ ਚੜ੍ਹਾਈਆਂ ਗਈਆਂ ਸਨ ਉਨ੍ਹਾਂ ਵਿਚ ਬਲੀ ਚੜ੍ਹਾਉਣ ਵਾਲੇ ਦੇ ਰੂਪ ਵਿਚ ਇਕੱਲੇ ਬਾਲਾਕ ਦਾ ਨਾਮ ਦਿੱਤਾ ਗਿਆ ਹੈ। ਇਹ ਬਲੀ ਦੇਵਤਿਆਂ ਦਾ ਧਿਆਨ ਆਪਣੀ ਵੱਲ ਖਿੱਚਣ ਲਈ ਚੜ੍ਹਾਈ ਗਈ ਸੀ। ਜਾਨਵਰਾਂ ਦੀਆਂ ਬਲੀਆਂ ਦੂਜੀਆਂ ਕੌਮਾਂ ਦੇ ਨਾਲ-ਨਾਲ ਇਸਰਾਏਲ ਦੁਆਰਾ ਵੀ ਚੜ੍ਹਾਈਆਂ ਜਾਂਦੀਆਂ ਸਨ।

**ਆਇਤ 3. ਬਾਲਾਕ** ਨੂੰ ਜਗਵੇਦੀ ਤੇ **ਚੜ੍ਹਾਵੇ ਕੋਲ ਖਲੋ** ਕੇ ਉਡੀਕ ਕਰਨ ਦੇ ਲਈ ਕਹਿਣ ਤੋਂ ਬਾਅਦ, ਯਹੋਵਾਹ ਦੇ ਵੱਲੋਂ ਇਕ ਵਾਕ ਪ੍ਰਾਪਤ ਕਰਨ ਦੇ ਲਈ **ਬਿਲਆਮ ... ਇੱਕ ਨੰਗੇ ਪਰਬਤ ਉੱਤੇ ਗਿਆ**। ਸ਼ਾਇਦ, ਉਹ ਯਹੋਵਾਹ ਦੇ ਵੱਲੋਂ ਇਕ ਚਿੰਨ੍ਹ ਪ੍ਰਾਪਤ ਕਰਨ ਦੀ ਆਸ ਕਰ ਰਿਹਾ ਸੀ (ਵੇਖੋ 24:1) ਸ਼ਾਇਦ ਉਸ ਨੇ ਪੰਛੀਆਂ ਦੀਆਂ ਉਡਾਣਾਂ ਜਾਂ ਬੱਦਲਾਂ ਦੇ

ਆਕਾਰ ਤੋਂ ਇਕ ਰੱਬੀ ਸੰਦੇਸ਼ ਨੂੰ ਦੇਖਣ ਦੀ ਆਸ ਕੀਤੀ ਸੀ।

**ਆਇਤ 4.** ਇਸ ਦੀ ਬਜਾਇ, **ਪਰਮੇਸ਼ੁਰ ਬਿਲਆਮ ਨੂੰ ਮਿਲਿਆ**। ਇਹ ਭਾਸ਼ਾ ਮਾਨਵਰੂਪੀ ਹੈ - ਅਰਥਾਤ, ਪਰਮੇਸ਼ੁਰ ਦੇ ਬਾਰੇ ਇਸ ਤਰ੍ਹਾਂ ਗੱਲ ਕੀਤੀ ਗਈ ਹੈ ਜਿਵੇਂ ਕਿ ਉਹ ਇਕ ਇਨਸਾਨ ਸੀ। ਉਹ ਬਿਲਆਮ ਦੇ ਅੱਗੇ ਪਰਗਟ ਹੋਣ ਦੁਆਰਾ ਉਸ ਨੂੰ "ਮਿਲਿਆ।" ਬਿਲਆਮ ਨੇ ਫਿਰ ਪਰਮੇਸ਼ੁਰ ਨੂੰ ਉਹ ਦੱਸਿਆ ਜੋ ਉਸ ਨੇ ਬਲੀਆਂ ਸੰਬੰਧੀ ਕੀਤਾ ਸੀ।

**ਆਇਤ 5.** ਫਿਰ, **ਯਹੋਵਾਹ ਨੇ ਇੱਕ ਵਾਕ ਬਿਲਆਮ ਦੇ ਮੂੰਹ ਵਿੱਚ ਪਾਇਆ** (ਵੇਖੋ ਬਿਵਸਥਾ ਸਾਰ 18:18; ਯਿਰਮਿਯਾਹ 1:9)। "ਵਾਕ" (דָּבָר, *ਡਾਬਰ)* "ਇੱਥੇ ਇਕ ਤਕਨੀਕੀ ਸ਼ਬਦ ਵਜੋਂ ਵਰਤਿਆ ਗਿਆ ਹੈ ਜੋ ਉਸ ਦਾ ਵਰਣਨ ਕਰਦਾ ਹੈ ਜੋ ਇਕ ਨਬੀ ਕਹਿੰਦਾ ਹੈ, ਅਰਥਾਤ, ਪਰਮੇਸ਼ੁਰ ਦੇ ਵੱਲੋਂ ਇਕ ਸੰਦੇਸ਼"[3] (ਵੇਖੋ ਯਸਾਯਾਹ 2:3; ਯਿਰਮਿਯਾਹ 18:18)। ਪਰਮੇਸ਼ੁਰ ਨੇ ਉਸ ਨੂੰ ਇਹ ਸੰਦੇਸ਼ **ਬਾਲਾਕ** ਤੱਕ ਪਹੁੰਚਾਉਣ ਦੀ ਹਦਾਇਤ ਦਿੱਤੀ ਸੀ।

**ਆਇਤ 6.** ਬਿਲਆਮ ਨੇ ਉਸੇ ਤਰ੍ਹਾਂ ਕੀਤਾ ਜਿਵੇਂ ਉਸ ਨੂੰ ਕਿਹਾ ਗਿਆ ਸੀ ਅਤੇ ਉਸ ਥਾਂ ਨੂੰ ਪਰਤ ਗਿਆ **ਜਿੱਥੇ ਬਾਲਾਕ ਆਪਣੇ ਚੜ੍ਹਾਵੇ ਕੋਲ ਖਲੋਤਾ ਸੀ**। ਉਸ ਨੇ ਨਾ ਸਿਰਫ ਰਾਜੇ ਨੂੰ ਸੰਦੇਸ਼ ਦਿੱਤਾ, ਪਰ **ਮੋਆਬ ਦੇ ਸਾਰੇ ਸਰਦਾਰਾਂ** ਨੂੰ ਵੀ।

**ਆਇਤਾਂ 7, 8.** ਇਸ ਨਬੂਵਤੀ **ਅਗੰਮ ਵਾਕ** ਵਿਚ, ਬਿਲਆਮ ਨੇ ਦੱਸਿਆ ਕਿ **ਯਾਕੂਬ** (ਜਾਂ **ਇਸਰਾਏਲ**) ਨੂੰ ਸਰਾਪ ਦੇਣ ਦੇ ਲਈ **ਬਾਲਾਕ** ਦੁਆਰਾ ਉਸ ਨੂੰ **ਅਰਾਮ ਤੋਂ** ਲਿਆਂਦਾ ਗਿਆ ਸੀ, ਪਰ ਉਹ ਉਸ ਪਰਜਾ ਨੂੰ ਨਹੀਂ **ਫਿਟਕਾਰ** ਸਕਿਆ **ਜਿਸ ਨੂੰ ਪਰਮੇਸ਼ੁਰ ਨਹੀਂ** [ਸੀ] **ਫਿਟਕਾਰਿਆ**। "ਅਰਾਮ" ਤੋਂ ਇਲਾਵਾ, ਬਿਲਆਮ ਨੇ ਉਸ ਇਲਾਕੇ ਦਾ **ਪੂਰਬ ਦੇ ਪਹਾੜ** ਵਜੋਂ ਵਰਣਨ ਕੀਤਾ ਸੀ ਜਿੱਥੇ ਉਹ ਰਹਿੰਦਾ ਸੀ। ਇਹ ਉਹ ਪਹਾੜ ਹਨ ਜਿਹੜੇ ਪੂਰਬੀ ਸੀਰੀਆਈ-ਅਰਬੀ ਉਜਾੜ ਦੇ ਵਿੱਚੋਂ ਦੀ ਹੁੰਦੇ ਹੋਏ ਪਿਟਰੂ/ਪਥੋਰ ਦੀ ਵੱਲ ਜਾਂਦੇ ਸਨ"[4] (22:5 ਤੇ ਟਿੱਪਣੀਆਂ ਵੇਖੋ)।

**ਆਇਤ 9.** ਉਸ ਨੇ ਅੱਗੇ ਇਸਰਾਏਲ ਦਾ **ਏਹ ਪਰਜਾ ਇਕੱਲੀ ਵੱਸਦੀ ਹੈ ਅਤੇ ਕੌਮਾਂ ਦੇ ਵਿੱਚ ਓਹ ਆਪਣੇ ਆਪ ਨੂੰ ਨਹੀਂ ਗਿਣਦੀ** ਵਜੋਂ ਵਰਣਨ ਕੀਤਾ। ਬਿਲਆਮ ਇਨ੍ਹਾਂ ਸ਼ਬਦਾਂ ਵਿਚ ਇਸਰਾਏਲ ਦੇ ਵੱਖਰੇ ਵਿਛੋੜੇ ਦੀ ਗੱਲ ਨਹੀਂ ਸੀ ਕਰ ਰਿਹਾ, ਪਰ ਉਨ੍ਹਾਂ ਦੀ ਆਤਮਿਕ ਵਿਲੱਖਣਤਾ ਦੀ ਗੱਲ ਕਰ ਰਿਹਾ ਸੀ। ਇਸਰਾਏਲੀ ਇਕ ਖ਼ਾਸ ਭਾਵ ਵਿਚ ਪਰਮੇਸ਼ੁਰ ਦੀ ਪਰਜਾ ਸਨ (ਕੂਚ 19:5); ਉਨ੍ਹਾਂ ਨੂੰ ਹੋਰ ਸਾਰੀਆਂ ਕੌਮਾਂ ਤੋਂ ਵੱਖਰਾ ਕੀਤਾ ਗਿਆ ਸੀ ਕਿਉਂਕਿ ਪਰਮੇਸ਼ੁਰ ਨੇ ਉਨ੍ਹਾਂ ਦਾ ਉਸ ਦੇ ਆਪਣਿਆਂ ਵਜੋਂ ਦਾਅਵਾ ਕੀਤਾ ਸੀ।

**ਆਇਤ 10.** ਬਿਲਆਮ ਨੇ ਇਸਰਾਏਲ ਦੇ ਆਕਾਰ ਦੀ ਗੱਲ ਕੀਤੀ ਸੀ; ਉਹ **ਧੂੜ** ਦੇ ਕਿਣਕਿਆਂ ਦੇ ਵਾਂਗ ਸਨ ਜਿਨ੍ਹਾਂ ਨੂੰ **ਗਿਣਿਆ** ਨਹੀਂ ਸੀ ਜਾ ਸਕਦਾ; **ਇਸਰਾਏਲ ਦੀ ਚੌਥਾਈ** ਦੀ ਗਿਣਤੀ ਵੀ ਨਹੀਂ ਸੀ ਕੀਤੀ ਜਾ ਸਕਦੀ। ਸਪੱਸ਼ਟ ਤੌਰ ਤੇ, ਬਿਲਆਮ ਅਤਿਕਥਨੀ ਦੀ ਵਰਤੋਂ ਕਰਦਿਆਂ ਕਾਵਿਆਤਮਕ ਰੂਪ ਵਿਚ ਗੱਲ ਕਰ ਰਿਹਾ ਸੀ। ਇਸਰਾਏਲ ਦੀ ਗਿਣਤੀ ਕੀਤੀ ਜਾ ਸਕਦੀ ਸੀ ਅਤੇ ਗਿਣਤੀ ਕੀਤੀ ਗਈ ਸੀ। ਵਿਚਾਰ ਸਿਰਫ਼ ਇਹ ਹੈ ਕਿ ਇਸਰਾਏਲ ਵਿਚ ਇਕ ਵੱਡੀ ਭੀੜ ਸ਼ਾਮਲ ਸੀ। ਅੰਤ ਵਿਚ, ਭਾਵ-ਅਰਥ ਅਨੁਸਾਰ, ਬਿਲਆਮ ਨੇ ਪਰਮੇਸ਼ੁਰ ਦੀ ਪਰਜਾ ਦੀ ਧਾਰਮਿਕਤਾ ਦੀ ਗੱਲ ਕੀਤੀ ਸੀ ਜਦੋਂ ਉਸ ਨੇ ਆਖਿਆ, **ਮੇਰੀ ਜਾਨ ਧਰਮੀਆਂ ਦੀ ਮੌਤ ਮਰੇ, ਅਤੇ ਮੇਰਾ ਅੰਤ ਉਸ** [ਯਾਕੂਬ ਦੇ] **ਵਰਗਾ ਹੋਵੇ।** "ਧਰਮੀਆਂ" (יְשָׁרִים, *ਯੇਸ਼ਰੀਮ)* ਬਹੁਵਚਨ ਰੂਪ ਵਿਚ ਹੈ ਅਤੇ ਇਸਰਾਏਲੀਆਂ ਦਾ ਹਵਾਲਾ ਦਿੰਦਾ ਹੈ। ਦੂਜੇ ਸ਼ਬਦਾਂ ਵਿਚ, ਬਿਲਆਮ ਕਹਿ ਰਿਹਾ ਸੀ, "ਮੈਂ ਇਨ੍ਹਾਂ ਲੋਕਾਂ ਵਰਗਾ ਹੋਵਾਂ ਜਿਨ੍ਹਾਂ ਨੂੰ

ਪਰਮੇਸ਼ੁਰ ਨੇ ਬਰਕਤ ਦਿੱਤੀ ਹੈ।" ਹੈਰਾਨੀ ਦੀ ਗੱਲ ਹੈ ਕਿ ਉਸ ਦੇ ਪਾਪ ਦੇ ਕਾਰਨ, ਬਿਲਆਮ ਆਖ਼ਰਕਾਰ ਦੁਸ਼ਟ ਦੀ ਮੌਤ ਮਰਿਆ (31:8, 16)।

**ਆਇਤਾਂ 11, 12.** ਫਿਰ, ਪਹਿਲੇ ਅਗੰਮ ਵਾਕ ਵਿਚ, **ਬਿਲਆਮ** ਨੇ ਆਖਿਆ ਸੀ ਕਿ ਇਸਰਾਏਲੀਆਂ ਨੂੰ ਪਰਮੇਸ਼ੁਰ ਦੁਆਰਾ ਬਦ ਦੁਆ ਨਹੀਂ ਬਲਕਿ ਬਰਕਤ ਹੀ ਬਰਕਤ ਦਿੱਤੀ ਗਈ ਸੀ। ਉਹ ਪਰਮੇਸ਼ੁਰ ਦੁਆਰਾ ਕੌਮਾਂ ਤੋਂ ਅੱਡ ਕੀਤੇ ਗਏ ਸਨ, ਉਹ ਗਿਣਤੀ ਵਿਚ ਵਧਦੇ ਗਏ ਸਨ ਜਦ ਤੱਕ ਗਿਣਤੀ ਨਹੀਂ ਸੀ ਕੀਤੇ ਜਾ ਸਕਦੇ ਅਤੇ ਉਨ੍ਹਾਂ ਨੂੰ ਪਰਮੇਸ਼ੁਰ ਦੁਆਰਾ ਨੇਕ (ਜਾਂ ਧਰਮੀ) ਸਮਝਿਆ ਗਿਆ ਸੀ।

ਸਪੱਸ਼ਟ ਹੈ ਕਿ **ਬਾਲਾਕ** ਬਿਲਆਮ ਦੀਆਂ ਗੱਲਾਂ ਕਰਕੇ ਪਰੇਸ਼ਾਨ ਸੀ। ਉਸ ਨੇ ਆਖਿਆ, **ਤੈਂ ਮੇਰੇ ਨਾਲ ਕੀ ਕੀਤਾ? ਮੈਂ ਤੈਨੂੰ ਆਪਣੇ ਵੈਰੀਆਂ ਲਈ ਬਦ ਦੁਆ ਕਰਨ ਲਈ ਲਿਆਂਦਾ ਅਤੇ ਵੇਖ, ਤੈਂ ਉਨ੍ਹਾਂ ਨੂੰ ਬਰਕਤ ਹੀ ਬਰਕਤ ਦਿੱਤੀ।** ਬਿਲਆਮ ਨੇ ਉੱਤਰ ਦਿੱਤਾ ਕਿ ਮੈਂ ਸਿਰਫ ਉਹੀ ਬੋਲਿਆ ਸੀ ਜੋ **ਯਹੋਵਾਹ** ਨੇ ਮੇਰੇ **ਮੂੰਹ** ਵਿਚ ਪਾਇਆ ਸੀ।

## ਦੂਜੀ ਨਬੂਵਤ:
## "ਯਹੋਵਾਹ ਇਸਰਾਏਲ ਦੇ ਨਾਲ ਹੈ" (23:13-26)

**[13]ਤਾਂ ਬਾਲਾਕ ਨੇ ਉਸ ਨੂੰ ਆਖਿਆ, ਤੂੰ ਮੇਰੇ ਨਾਲ ਦੂਜੇ ਥਾਂ ਨੂੰ ਚੱਲ ਜਿੱਥੋਂ ਤੂੰ ਉਨ੍ਹਾਂ ਨੂੰ
ਵੇਖੇਂ। ਤੂੰ ਉਨ੍ਹਾਂ ਦਾ ਬਾਹਰਲਾ ਹਿੱਸਾ ਹੀ ਵੇਖੇਂ ਪਰ ਉਨ੍ਹਾਂ ਨੂੰ ਸਾਰਾ ਨਾ ਵੇਖੇਂ ਅਤੇ ਉੱਥੋਂ ਉਨ੍ਹਾਂ
ਨੂੰ ਮੇਰੇ ਲਈ ਬਦ ਦੁਆ ਦੇਹ। [14]ਫੇਰ ਉਹ ਉਸ ਨੂੰ ਸੋਫ਼ੀਮ ਦੀ ਰੱੜ ਵਿੱਚ ਜਿਹੜੀ ਪਿਸਗਾਹ
ਦੀ ਟੀਸੀ ਉੱਤੇ ਹੈ ਲੈ ਗਿਆ ਅਤੇ ਉਹ ਨੇ ਸੱਤ ਜਗਵੇਦੀਆਂ ਬਣਾ ਕੇ ਹਰ ਜਗਵੇਦੀ ਉੱਤੇ
ਇੱਕ ਬਲਦ ਅਤੇ ਇੱਕ ਛੱਤ੍ਰਾ ਚੜ੍ਹਾਇਆ। [15]ਤਾਂ ਉਸ ਨੇ ਬਾਲਾਕ ਨੂੰ ਆਖਿਆ, ਆਪਣੇ
ਚੜ੍ਹਾਵੇ ਕੋਲ ਏਥੇ ਖਲੋ ਜਾਹ ਜਦ ਤੀਕ ਮੈਂ ਯਹੋਵਾਹ ਨੂੰ ਉੱਥੇ ਨਾ ਮਿਲਾਂ। [16]ਤਾਂ ਯਹੋਵਾਹ
ਬਿਲਆਮ ਨੂੰ ਮਿਲਿਆ ਅਤੇ ਉਸ ਦੇ ਮੂੰਹ ਵਿੱਚ ਇੱਕ ਵਾਕ ਪਾਇਆ ਅਤੇ ਆਖਿਆ,
ਬਾਲਾਕ ਨੂੰ ਮੁੜ ਕੇ ਇਉਂ ਇਉਂ ਬੋਲੀਂ। [17]ਤਾਂ ਉਹ ਉਹ ਦੇ ਕੋਲ ਗਿਆ ਅਤੇ ਵੇਖੋ ਉਹ ਆਪਣੇ
ਚੜ੍ਹਾਵੇ ਕੋਲ ਮੋਆਬ ਦੇ ਸਰਦਾਰਾਂ ਨਾਲ ਖਲੋਤਾ ਸੀ ਤਾਂ ਬਾਲਾਕ ਨੇ ਉਸ ਨੂੰ ਆਖਿਆ,
ਯਹੋਵਾਹ ਦਾ ਵਾਕ ਕੀ ਹੈ? ਉਸ ਨੇ ਆਪਣਾ ਅਗੰਮ ਵਾਕ ਖੋਲ੍ਹ ਕੇ ਆਖਿਆ, [18]ਹੇ ਬਾਲਾਕ,
ਉੱਠ ਅਤੇ ਸੁਣ, ਹੇ ਸਿੱਪੋਰ ਦੇ ਪੁੱਤ੍ਰ, ਮੇਰੀਆਂ ਗੱਲਾਂ ਉੱਤੇ ਕੰਨ ਧਰ। [19]ਪਰਮੇਸ਼ੁਰ ਇਨਸਾਨ
ਨਹੀਂ ਕਿ ਉਹ ਝੂਠ ਬੋਲੇ, ਨਾ ਆਦਮ ਜਾਇਆ ਕਿ ਉਹ ਪਛਤਾਵੇ। ਕੀ ਉਸ ਆਖਿਆ ਹੋਵੇ
ਅਤੇ ਨਾ ਕਰੇ? ਅਥਵਾ ਉਹ ਬੋਲਿਆ ਅਤੇ ਉਹ ਪੂਰਾ ਨਾ ਹੋਇਆ? [20]ਵੇਖੋ, ਮੈਨੂੰ ਬਰਕਤ
ਦੇਣ ਦੀ ਆਗਿਆ ਹੋਈ ਹੈ, ਉਸ ਨੇ ਬਰਕਤ ਦਿੱਤੀ, ਏਸ ਨੂੰ ਮੈਂ ਮੋੜ ਨਹੀਂ ਸੱਕਦਾ। [21]ਉਸ
ਨੇ ਯਾਕੂਬ ਵਿੱਚ ਬੁਰਿਆਈ ਨਹੀਂ ਡਿੱਠੀ, ਨਾ ਇਸਰਾਏਲ ਵਿੱਚ ਸ਼ਰਾਰਤ ਵੇਖੀ। ਯਹੋਵਾਹ
ਉਸ ਦਾ ਪਰਮੇਸ਼ੁਰ ਉਹ ਦੇ ਨਾਲ ਹੈ, ਅਤੇ ਰਾਜੇ ਦੀ ਲਲਕਾਰ ਉਹ ਦੇ ਵਿੱਚ ਹੈ।
[22]ਪਰਮੇਸ਼ੁਰ ਉਸ ਨੂੰ ਮਿਸਰ ਤੋਂ ਲਿਆ ਰਿਹਾ ਹੈ, ਸਾਨ੍ਹ ਜਿੰਨਾ ਉਹ ਦਾ ਬਲ ਹੈ। [23]ਯਾਕੂਬ
ਉੱਤੇ ਜਾਦੂ ਨਹੀਂ ਚੱਲਦਾ, ਨਾ ਇਸਰਾਏਲ ਉੱਤੇ ਫਾਲ। ਹੁਣ ਯਾਕੂਬ ਅਤੇ ਇਸਰਾਏਲ ਵਿਖੇ
ਆਖਿਆ ਜਾਵੇਗਾ, ਪਰਮੇਸ਼ੁਰ ਨੇ ਕੀ ਕੀਤਾ! [24]ਏਹ ਪਰਜਾ ਸਿੰਘਣੀ ਵਾਂਙੁ ਉੱਠੇਗੀ, ਅਤੇ
ਸਿੰਘ ਵਾਂਙੁ ਆਪਣੇ ਆਪ ਨੂੰ ਖੜਾ ਕਰੇਗੀ, ਉਹ ਨਹੀਂ ਲੇਟੇਗੀ ਜਦ ਤੀਕ ਸ਼ਿਕਾਰ ਨਾ ਖਾ
ਲਵੇ, ਅਤੇ ਪਾੜੇ ਹੋਏ ਦਾ ਲਹੂ ਨਾ ਪੀ ਲਵੇ। [25]ਤਾਂ ਬਾਲਾਕ ਨੇ ਬਿਲਆਮ ਨੂੰ ਆਖਿਆ, ਨਾ
ਉਹ ਨੂੰ ਬਦ ਦੁਆ ਦੇਹ ਅਤੇ ਨਾ ਉਹ ਨੂੰ ਬਰਕਤ ਹੀ ਦੇਹ। [26]ਪਰ ਬਿਲਆਮ ਨੇ ਬਾਲਾਕ
ਨੂੰ ਉੱਤਰ ਦਿੱਤਾ, ਕੀ ਮੈਂ ਤੈਨੂੰ ਨਹੀਂ ਦੱਸਿਆ ਕਿ ਜੋ ਕੁਝ ਯਹੋਵਾਹ ਮੈਨੂੰ ਬੋਲੇ ਮੈਨੂੰ ਉਹੀ**

**ਕਰਨਾ ਪੈਂਦਾ ਹੈ?**

**ਆਇਤ 13. ਬਾਲਾਕ** ਨੇ ਫਿਰ ਇਹ ਪ੍ਰਸਤਾਵ ਰੱਖਿਆ ਕਿ ਬਿਲਆਮ ਫੇਰ ਕੋਸ਼ਿਸ਼ ਕਰੇ, ਇਸ ਵਾਰ **ਦੂਜੇ ਥਾਂ** ਤੋਂ, ਸ਼ਾਇਦ ਉਹ ਥਾਂ ਜਿੱਥੋਂ ਬਿਲਆਮ ਕੁਝ ਇਸਰਾਏਲੀਆਂ ਨੂੰ ਵੀ **ਵੇਖ** ਸਕਦਾ ਸੀ (ਵੇਖੋ 22:41)। ਲੱਗਦਾ ਹੈ ਕਿ ਉਸ ਦਾ ਮੰਨਣਾ ਸੀ ਕਿ ਜੇਕਰ ਬਿਲਆਮ ਇਕ ਵੱਖਰੇ ਥਾਂ ਤੋਂ ਵੇਖੇਗਾ, ਤਾਂ ਉਹ ਉਨ੍ਹਾਂ ਦੀ ਗਿਣਤੀ ਤੋਂ ਇੰਨਾ ਪ੍ਰਭਾਵਿਤ ਨਹੀਂ ਹੋਵੇਗਾ ਅਤੇ ਉਸ ਦੇ ਲਈ **ਉਨ੍ਹਾਂ ਨੂੰ ਬਦ ਦੁਆ ਦੇਣਾ** ਅਸਾਨ ਹੋਵੇਗਾ।

**ਆਇਤ 14.** ਇਸ ਵਾਰ ਬਾਲਾਕ ਬਿਲਆਮ ਨੂੰ **ਸੋਫ਼ੀਮ ਦੀ ਰੱੜ** ਵੱਲ, **ਪਿਸਗਾਹ ਦੀ ਟੀਸੀ ਉੱਤੇ** ਲੈ ਗਿਆ। "ਸੋਫ਼ੀਮ" ਦਾ ਅਰਥ ਹੈ "ਰਾਖਾ" ਜਿਹੜਾ ਕਿ ਇਹ ਰਣਨੀਤਕ ਉਚਾਈ ਦੇ ਲਈ ਢੁੱਕਵਾਂ ਹੈ। "ਪਿਸਗਾਹ" ਦਾ ਜ਼ਿਕਰ ਪਹਿਲਾਂ ਹੀ ਇਸਰਾਏਲ ਦੇ ਸਫ਼ਰ ਦੇ ਸੰਬੰਧ ਵਿਚ ਕੀਤਾ ਜਾ ਚੁੱਕਾ ਹੈ। ਇਹ ਉਹ ਥਾਂ ਵੀ ਹੋਵੇਗੀ ਜਿੱਥੋਂ ਪਰਮੇਸ਼ੁਰ ਨੇ ਮੂਸਾ ਨੂੰ ਉਸ ਦੀ ਮੌਤ ਤੋਂ ਪਹਿਲਾਂ ਵਾਅਦੇ ਦੀ ਧਰਤੀ ਨੂੰ ਵੇਖਣ ਦਿੱਤਾ ਸੀ (ਬਿਵਸਥਾ ਸਾਰ 34:1-5)। ਪਿਸਗਾਹ ਵਿਚ, ਬਾਲਾਕ ਨੇ ਬਲੀਆਂ ਚੜ੍ਹਾਉਣ ਦੀ ਉਸ ਰਸਮ ਨੂੰ ਦੁਹਰਾਇਆ ਸੀ ਜੋ ਉਸ ਨੇ ਪਹਿਲਾਂ ਪੂਰੀ ਕੀਤੀ ਸੀ (23:1, 2): ਉਹ ਨੇ **ਸੱਤ ਜਗਵੇਦੀਆਂ ਬਣਾ ਕੇ ਹਰ ਜਗਵੇਦੀ ਉੱਤੇ ਇੱਕ ਬਲਦ ਅਤੇ ਇੱਕ ਛੱਤ੍ਰਾ ਚੜ੍ਹਾਇਆ**।

**ਆਇਤਾਂ 15-17.** ਫੇਰ, ਬਿਲਆਮ ਨੇ ਉਹ ਨੂੰ ਉਡੀਕ ਕਰਨ ਦੇ ਲਈ ਆਖਿਆ ਜਦ ਕਿ ਉਹ ਨੇੜੇ **ਯਹੋਵਾਹ ਨੂੰ ਮਿਲਣ** ਦੇ ਲਈ ਗਿਆ। **ਯਹੋਵਾਹ ਬਿਲਆਮ ਨੂੰ ਮਿਲਿਆ ਅਤੇ** ਬਾਲਾਕ ਦੇ ਲਈ **ਉਸ ਦੇ ਮੂੰਹ ਵਿੱਚ ਇੱਕ ਵਾਕ ਪਾਇਆ**। ਜਦੋਂ ਬਿਲਆਮ ਜਗਵੇਦੀ ਕੋਲ ਵਾਪਸ ਆਇਆ, ਜਿੱਥੇ ਬਾਲਾਕ **ਆਪਣੇ ਚੜ੍ਹਾਵੇ ਨਾਲ ਖਲੋਤਾ ਸੀ**, ਰਾਜੇ ਨੇ ਪੁੱਛਿਆ, **ਯਹੋਵਾਹ ਦਾ ਵਾਕ ਕੀ ਹੈ?**

**ਆਇਤਾਂ 18-20.** ਬਿਲਆਮ ਦਾ ਦੂਜਾ ਨਬੂਵਤੀ ਅਗੰਮ ਵਾਕ ਲੰਬਾ ਹੈ। ਉਸ ਨੇ ਸਿੱਧੇ ਤੌਰ ਤੇ ਬਾਲਾਕ ਨੂੰ ਸੰਬੋਧਿਤ ਕਰਨ ਦੁਆਰਾ ਸ਼ੁਰੂਆਤ ਕੀਤੀ ਸੀ। ਉਸ ਨੇ ਪਰਮੇਸ਼ੁਰ ਦੇ ਨਾ ਬਦਲਣ ਵਾਲੇ ਸੁਭਾਅ, ਅਟੱਲਤਾ ਦੀ ਗੱਲ ਕੀਤੀ ਸੀ: **ਪਰਮੇਸ਼ੁਰ ਇਨਸਾਨ ਨਹੀਂ ਹੈ ਕਿ ਉਹ ਝੂਠ ਬੋਲੇ, ਨਾ ਆਦਮ ਜਾਇਆ ਕਿ ਉਹ ਪਛਤਾਵੇ** (ਵੇਖੋ ਇਬਰਾਨੀਆਂ 6:18)। ਇਹ ਭਾਸ਼ਾ ਦੂਜੇ ਬੰਦਾਂ ਦੇ ਵਿਰੋਧ ਵਿਚ ਜਾਪਦੀ ਹੈ, ਜਿਹੜੇ ਇਸ ਗੱਲ ਤੇ ਜ਼ੋਰ ਦਿੰਦੇ ਹਨ ਕਿ ਪਰਮੇਸ਼ੁਰ ਆਪਣਾ ਮਨ ਨਹੀਂ ਬਦਲਦਾ। ਪਰ, ਜਿਵੇਂ ਟਿਮੋਥੀ ਆਰ. ਐਸ਼ਲੀ ਨੇ ਦੱਸਿਆ ਸੀ, ਸੱਚਾ ਪਰਮੇਸ਼ੁਰ ਇਸ ਗੱਲ ਵਿਚ ਮਨੁੱਖ ਤੋਂ ਉੱਪਰ ਹੈ ਕਿ ਉਹ ਮਨੁੱਖ ਦੇ ਵਾਂਗ ਨਹੀਂ ਬਦਲਦਾ। ਉਹ ਆਪਣੇ ਲੋਕਾਂ ਦੀਆਂ ਪ੍ਰਾਰਥਨਾਵਾਂ ਦਾ ਉੱਤਰ ਦਿੰਦਾ ਹੈ, ਪਰ ਉਹ ਚੰਚਲ ਨਹੀਂ ਹੈ। ਉਸ ਦੇ ਕੰਮ ਹਮੇਸ਼ਾ ਉਸ ਦੀ ਹਸਤੀ ਦੇ ਚਰਿੱਤਰ ਅਨੁਸਾਰ ਹੁੰਦੇ ਹਨ।[5]

ਬਿਲਆਮ ਦੀ ਮੁੱਖ ਗੱਲ ਇਹ ਸੀ ਕਿ ਕਿਉਂਕਿ ਪਰਮੇਸ਼ੁਰ ਦੇ ਉਦੇਸ਼ ਪੱਕੇ ਤੌਰ ਤੇ ਸਥਾਪਤ ਕੀਤੇ ਗਏ ਸਨ, ਉਹ ਉਹੀ ਕਰੇਗਾ ਜੋ **ਉਹ ਬੋਲਿਆ** ਸੀ। ਕਿਉਂਕਿ ਪਰਮੇਸ਼ੁਰ ਨੇ ਇਸਰਾਏਲ ਨੂੰ ਬਰਕਤ ਦੇਣਾ ਠਾਣ ਲਿਆ ਸੀ, ਉਹ ਵੀ ਇਸਰਾਏਲ ਨੂੰ ਬਰਕਤ ਦੇਵੇਗਾ। ਯਹੋਵਾਹ ਅਤੇ ਮਸੋਪੋਤਾਮੀਆ ਦੇ ਦੇਵਤਿਆਂ ਵਿਚਕਾਰ ਇਕ ਤੁਲਨਾ ਸੀ। ਉਹ ਦੇਵਤੇ "ਸਨਕੀ ਅਤੇ ਲਚੀਲੇ" ਸਨ, ਜਦ ਕਿ ਯਹੋਵਾਹ "ਅਟੱਲ ਅਤੇ ਇਸ ਲਈ ਬੇਮਿਸਾਲ ਵਫ਼ਾਦਾਰੀ ਵਾਲਾ ਸੀ।"[6]

ਪਰਮੇਸ਼ੁਰ ਨੇ ਬਿਲਆਮ ਨੂੰ ਇਸਰਾਏਲ ਨੂੰ **ਬਰਕਤ ਦੇਣ ਦੀ ਆਗਿਆ** ਦਿੱਤੀ ਸੀ; ਇਸ ਲਈ, ਬਿਲਆਮ ਨੂੰ ਇਸ ਤਰ੍ਹਾਂ ਕਰਨਾ ਹੀ ਪੈਣਾ ਸੀ। ਉਹ ਪਰਮੇਸ਼ੁਰ ਦੀ ਬਰਕਤ ਨੂੰ ਬਦਲ ਜਾਂ **ਮੋੜ** ਨਹੀਂ ਸੀ ਸਕਦਾ।

**ਆਇਤਾਂ 21-24.** ਬਿਲਆਮ ਨੇ ਕੁਝ ਤਰੀਕੇ ਦੱਸੇ ਜਿਨ੍ਹਾਂ ਨਾਲ ਪਰਮੇਸ਼ੁਰ ਨੇ ਆਪਣੀ ਪਰਜਾ ਨੂੰ ਬਰਕਤ ਦਿੱਤੀ ਸੀ, ਜਾ ਬਰਕਤ ਦੇਵੇਗਾ। ਉਹ **ਬੁਰਿਆਈ** ਜਾਂ **ਸ਼ਰਾਰਤ** ਦਾ ਅਨੁਭਵ ਨਹੀਂ ਕਰਨਗੇ ਕਿਉਂਕਿ **ਪਰਮੇਸ਼ੁਰ**, ਉਨ੍ਹਾਂ ਦਾ **ਰਾਜਾ**, ਉਨ੍ਹਾਂ ਦੇ ਵਿਚਕਾਰ ਸੀ (ਕੂਚ 15:18; ਬਿਵਸਥਾ ਸਾਰ 33:5; ਨਿਆਈਆਂ 8:23; 1 ਸਮੂਏਲ 8:7; 12:12)। ਉਹ ਉਨ੍ਹਾਂ ਨੂੰ **ਮਿਸਰ ਵਿੱਚੋਂ** ਕੱਢ ਕੇ ਲਿਆਇਆ ਸੀ ਅਤੇ **ਸਾਨ੍ਹ** ਦੇ ਵਾਂਗ ਉਨ੍ਹਾਂ ਦੇ ਲਈ ਲੜੇਗਾ। **ਫਾਲ** ਵਿਚ ਇੰਨੀ ਸ਼ਕਤੀ ਨਹੀਂ ਸੀ ਕਿ ਉਨ੍ਹਾਂ ਦੀ ਸਫ਼ਲਤਾ ਨੂੰ ਰੋਕ ਸਕਦੀ। ਇਹ ਗੱਲ ਕਿ **ਇਸਰਾਏਲ ਉੱਤੇ** ਫਾਲ ਨਹੀਂ ਸੀ ਚੱਲ ਸਕਦੀ ਬਿਲਆਮ ਨੇ ਝਿੱਜਕਦੇ ਹੋਏ ਕਹੀ ਹੋਵੇਗੀ, ਕਿਉਂਕਿ ਉਸ ਦੀ ਰੋਜ਼ੀ ਰੋਟੀ ਫਾਲ ਤੋਂ ਹੀ ਚੱਲਦੀ ਸੀ! ਸ਼ਾਇਦ ਇਹ ਗੱਲ ਇਸ ਗੱਲ ਦਾ ਇਕ ਸਪੱਸ਼ਟ ਸੰਕੇਤ ਸੀ ਕਿ ਬਿਲਆਮ ਦੇ ਸ਼ਬਦ ਉਸ ਦੇ ਆਪਣੇ ਨਹੀਂ ਸਨ, ਪਰ ਪਰਮੇਸ਼ੁਰ ਦੀ ਵੱਲੋਂ ਆਏ ਸਨ। ਆਖ਼ਰਕਾਰ, ਇਸਰਾਏਲ ਦੀ ਪਰਜਾ ਆਪਣੇ ਵੈਰੀਆਂ ਨੂੰ **ਸਿੰਘਣੀ ਵਾਂਙੁ ... ਜਦ ਤੀਕ ਸ਼ਿਕਾਰ ਨਾ ਖਾ ਲਵੇ** ਹਰਾ ਦੇਵੇਗੀ।

**ਆਇਤਾਂ 25, 26.** ਬਾਲਾਕ ਨੇ ਇਸ ਸੰਦੇਸ਼ ਦੇ ਪ੍ਰਤੀ ਇਹ ਕਹਿੰਦੇ ਹੋਏ ਆਪਣੀ ਪ੍ਰਤੀਕਿਰਿਆ ਦਿੱਤੀ ਕਿ **ਨਾ ਉਹ ਨੂੰ ਬਦ ਦੁਆ ਦੇਹ ਅਤੇ ਨਾ ਉਹ ਨੂੰ ਬਰਕਤ ਹੀ ਦੇਹ!** ਉਹ ਕਹਿ ਰਿਹਾ ਸੀ, "ਜੇਕਰ ਤੂੰ ਮੇਰੇ ਵੈਰੀਆਂ ਨੂੰ ਬਦ ਦੁਆ ਨਹੀਂ ਦੇ ਸਕਦਾ, ਤੂੰ ਘੱਟੋ-ਘੱਟ ਉਨ੍ਹਾਂ ਨੂੰ ਬਰਕਤ ਦੇਣ ਤੋਂ ਪਰਹੇਜ਼ ਕਰ ਸਕਦਾ ਹੈਂ!" **ਬਿਲਆਮ** ਨੇ ਬਾਲਾਕ ਨੂੰ ਚੇਤੇ ਕਰਾਇਆ, **ਕੀ ਮੈਂ ਤੈਨੂੰ ਨਹੀਂ ਦੱਸਿਆ ਕਿ ਜੋ ਕੁਝ ਯਹੋਵਾਹ ਮੈਨੂੰ ਬੋਲੇ ਮੈਨੂੰ ਉਹੀ ਕਰਨਾ ਪੈਂਦਾ ਹੈ?**

## ਤੀਜੀ ਨਬੂਵਤ:
## "ਇਸਰਾਏਲ ਇਕ ਵੱਡਾ ਰਾਜ ਹੈ" (23:27-30)

**27ਤਾਂ ਬਾਲਾਕ ਨੇ ਬਿਲਆਮ ਨੂੰ ਆਖਿਆ, ਚੱਲ, ਮੈਂ ਤੈਨੂੰ ਇੱਕ ਹੋਰ ਥਾਂ ਲੈ ਜਾਵਾਂ। ਸ਼ਾਇਤ ਪਰਮੇਸ਼ੁਰ ਦੀ ਨਿਗਾਹ ਵਿੱਚ ਚੰਗਾ ਲੱਗੇ ਕਿ ਤੂੰ ਉੱਥੋਂ ਮੇਰੇ ਲਈ ਓਹਨਾਂ ਨੂੰ ਬਦ ਦੁਆ ਦੇਵੇਂ। 28ਤਾਂ ਬਾਲਾਕ ਬਿਲਆਮ ਨੂੰ ਪਓਰ ਦੀ ਟੀਸੀ ਉੱਤੇ ਲੈ ਗਿਆ ਜਿਹੜੀ ਥਲ ਉੱਤੇ ਪਲਮੀ ਹੋਈ ਹੈ। 29ਫੇਰ ਬਿਲਆਮ ਨੇ ਬਾਲਾਕ ਨੂੰ ਆਖਿਆ, ਏਥੇ ਮੇਰੇ ਲਈ ਸੱਤ ਜਗਵੇਦੀਆਂ ਬਣਾ ਅਤੇ ਮੇਰੇ ਲਈ ਏਥੇ ਸੱਤ ਬਲਦ ਅਤੇ ਸੱਤ ਛੱਤ੍ਰੇ ਤਿਆਰ ਕਰ। 30ਤਾਂ ਬਾਲਾਕ ਨੇ ਤਿਵੇਂ ਕੀਤਾ ਜਿਵੇਂ ਬਿਲਆਮ ਨੇ ਆਖਿਆ ਅਤੇ ਹਰ ਜਗਵੇਦੀ ਉੱਤੇ ਇੱਕ ਬਲਦ ਅਤੇ ਇੱਕ ਛੱਤ੍ਰਾ ਚੜ੍ਹਾਇਆ।**

**ਆਇਤਾਂ 27-30. ਬਾਲਾਕ** ਆਪਣੀ ਇਸ ਗੱਲ ਤੇ ਟਿਕਿਆ ਰਿਹਾ ਕਿ ਬਿਲਆਮ ਇਸਰਾਏਲ ਨੂੰ ਬਦ ਦੁਆ ਦੇਵੇ ਅਤੇ ਇਕ ਵਾਰ ਫੇਰ ਉਸ ਨੇ ਉਸ ਨੂੰ ਇਹ ਸੁਝਾਅ ਦਿੱਤਾ ਕਿ ਉਹ **ਇੱਕ ਹੋਰ ਥਾਂ** ਤੋਂ ਇਸਰਾਏਲ ਨੂੰ ਬਦ ਦੁਆ ਦੇਣ ਦੀ ਕੋਸ਼ਿਸ਼ ਕਰੇ। ਉਹ **ਪਓਰ ਦੀ ਟੀਸੀ ਉੱਤੇ** ਗਏ **ਜਿਹੜੀ ਥਲ ਉੱਤੇ ਪਲਮੀ ਹੋਈ ਹੈ** (ਵੇਖੋ 21:20)। ਇਹ ਆਖ਼ਰੀ ਥਾਂ ਸੰਭਵ ਤੌਰ ਤੇ ਨਬੋ ਪਰਬਤ ਦੇ ਉੱਤਰ ਵਿਚ ਹੋਰ ਦੂਰ ਸੀ। ਇਹ ਉਹੀ ਇਲਾਕਾ ਸੀ ਜਿੱਥੇ ਇਸਰਾਏਲੀ ਬਾਅਦ ਵਿਚ ਮੋਆਬੀਆਂ ਨਾਲ ਰਲ ਕੇ ਮੂਰਤੀਪੂਜਾ ਕਰਨ ਲੱਗ ਪਏ ਸਨ (25:1-3)। ਪਓਰ ਵਿਚ, ਬਾਲਾਕ ਨੇ **ਸੱਤ ਜਗਵੇਦੀਆਂ**, **ਸੱਤ ਬਲਦ** ਅਤੇ **ਸੱਤ ਛੱਤ੍ਰੇ** ਲੈ ਕੇ ਰਸਮ ਨੂੰ ਦੁਹਰਾਇਆ (23:1, 2, 14) ਅਤੇ ਬਿਲਆਮ ਨੇ ਪਰਮੇਸ਼ੁਰ ਵੱਲੋਂ ਸੰਦੇਸ਼ਾਂ ਨੂੰ ਪਹੁੰਚਾਉਣਾ ਜਾਰੀ ਰੱਖਿਆ। ਬਿਲਆਮ ਅਤੇ ਬਾਲਾਕ ਦੀ ਕਹਾਣੀ ਅਧਿਆਇ 24 ਵਿਚ

ਖਤਮ ਹੁੰਦੀ ਹੈ।

# ਪ੍ਰਾਸੰਗਿਕਤਾ

### ਪਰਮੇਸ਼ੁਰ ਦੇ ਵਾਅਦਿਆਂ ਦਾ ਨਵਾਂ ਕੀਤਾ ਜਾਣਾ (ਅਧਿਆਇ 23; 24)

23 ਅਤੇ 24 ਅਧਿਆਵਾਂ ਵਿਚ, ਬਿਲਆਮ ਦੇ ਚਾਰ ਅਗੰਮ ਵਾਕ ਜੋ ਉਸ ਨੇ ਇਸਰਾਏਲ ਨੂੰ ਬਰਕਤ ਦੇਣ ਦੇ ਲਈ ਕੀਤੇ ਸਨ ਇਕ ਦੂਜੇ ਤੇ ਉਸਰੇ ਹੋਏ ਸਨ। ਪਹਿਲੇ ਅਗੰਮ ਵਾਕ ਵਿਚ, ਬਿਲਆਮ ਨੇ ਆਖਿਆ ਸੀ ਕਿ ਦੂਜੀਆਂ ਕੌਮਾਂ ਤੋਂ ਭਿੰਨ ਇਸਰਾਏਲ ਇਕ ਖਾਸ ਪਰਜਾ, ਬਹੁਤ ਸਾਰੇ ਲੋਕਾਂ ਦੀ ਪਰਜਾ ਸੀ (23:9, 10)। ਦੂਜੇ ਅਗੰਮ ਵਾਕ ਵਿਚ, ਬਿਲਆਮ ਨੇ ਐਲਾਨ ਕੀਤਾ ਸੀ ਕਿ ਇਸਰਾਏਲ ਨੂੰ ਉਸ ਪਰਮੇਸ਼ੁਰ ਦੁਆਰਾ ਬਰਕਤ ਹੀ ਬਰਕਤ ਮਿਲੀ ਸੀ, ਜਿਹੜਾ ਸਦਾ ਉਨ੍ਹਾਂ ਦੇ ਨਾਲ ਸੀ, ਉਨ੍ਹਾਂ ਦੇ ਲਈ ਲੜਿਆ ਸੀ ਅਤੇ ਉਨ੍ਹਾਂ ਨੂੰ ਜਿੱਤ ਦਿੱਤੀ ਸੀ (23:20-24)। ਤੀਜੇ ਅਗੰਮ ਵਾਕ ਵਿਚ, ਬਿਲਆਮ ਨੇ ਨਬੂਵਤ ਕੀਤੀ ਸੀ ਕਿ ਇਸਰਾਏਲੀ ਫਲਦਾਇਕ, ਖੁਸ਼ਹਾਲ ਅਤੇ ਸ਼ਕਤੀਸ਼ਾਲੀ ਹੋਣਗੇ (24:5-7)। ਉਸ ਨੇ ਦੱਸਿਆ ਕਿ ਉਹ ਉਨ੍ਹਾਂ ਦੇ ਵੈਰੀਆਂ ਉੱਤੇ ਜਿੱਤ ਪਾਉਣਗੇ (24:8, 9) ਅਤੇ ਇਹ ਕਿ ਜਿਹੜੇ ਉਨ੍ਹਾਂ ਨੂੰ ਬਰਕਤ ਦੇਣਗੇ ਮੁਬਾਰਕ ਹੋਣਗੇ, ਜਦ ਕਿ ਜਿਹੜੇ ਉਨ੍ਹਾਂ ਨੂੰ ਸਰਾਪ ਦੇਣਗੇ ਸਰਾਪੀ ਹੋਣਗੇ (24:9)। ਚੌਥੇ ਅਗੰਮ ਵਾਕ ਵਿਚ, ਬਿਲਆਮ ਨੇ ਇਕ ਮਹਾਨ ਰਾਜਾ, ਇਕ "ਤਾਰੇ" ਦੇ ਆਉਣ ਦੀ ਨਬੂਵਤ ਕੀਤੀ ਸੀ ਜਿਹੜਾ "ਯਾਕੂਬ ਤੋਂ ਚੜ੍ਹੇਗਾ" ਅਤੇ ਮੋਆਬੀਆਂ ਅਤੇ ਅਦੋਮੀਆਂ ਨੂੰ ਕੁਚਲ ਦੇਵੇਗਾ (24:17-19)। ਇਨ੍ਹਾਂ ਬਰਕਤਾਂ ਨੇ ਉਨ੍ਹਾਂ ਵਾਅਦਿਆਂ ਨੂੰ ਨਵਾਂ ਕਰ ਦਿੱਤਾ ਜੋ ਪਹਿਲਾਂ ਜਾਂ ਤਾਂ ਇਸਰਾਏਲੀਆਂ ਦੇ ਪਿਉ-ਦਾਦਿਆਂ ਜਾਂ ਕੌਮ ਦੇ ਨਾਲ ਕੀਤੇ ਗਏ ਸਨ।

### ਇਸਰਾਏਲ "ਇਕੱਲੀ ਪਰਜਾ" (23:9)

ਬਿਲਆਮ ਨੇ ਇਸਰਾਏਲ ਦਾ ਉਸ ਪਰਜਾ ਵਜੋਂ ਵਰਣਨ ਕੀਤਾ ਜਿਹੜੀ "ਇਕੱਲੀ ਵੱਸਦੀ ਅਤੇ ਕੌਮਾਂ ਦੇ ਵਿੱਚ ਓਹ ਆਪਣੇ ਆਪ ਨੂੰ ਨਹੀਂ ਗਿਣਦੀ" (23:9)। ਇਸਰਾਏਲ ਇਸ ਗੱਲ ਵਿਚ "ਇਕੱਲੀ ਪਰਜਾ" ਨਹੀਂ ਸੀ ਕਿ ਪਰਜਾ ਦਾ ਦੂਜੀਆਂ ਕੌਮਾਂ ਨਾਲ ਕੋਈ ਲੈਣ-ਦੇਣ ਨਹੀਂ ਸੀ ਜਾਂ ਉਹ ਪਰਦੇਸੀਆਂ ਨੂੰ ਉਨ੍ਹਾਂ ਵਿਚ ਰਹਿਣ ਤੋਂ ਮਨ੍ਹਾ ਕਰਦੇ ਸਨ। ਬਲਕਿ, ਉਹ ਇਕ ਅਜਿਹੀ ਕੌਮ ਸੀ ਜੋ ਇਸ ਗੱਲ ਤੋਂ ਜਾਣੂ ਸੀ ਕਿ ਪਰਮੇਸ਼ੁਰ ਨੇ ਵਿਸ਼ੇਸ਼ ਤੌਰ ਤੇ ਉਨ੍ਹਾਂ ਨੂੰ, ਧਰਤੀ ਦੇ ਸਾਰੇ ਲੋਕਾਂ ਵਿੱਚੋਂ, ਉਸ ਦੀ ਪਰਜਾ ਹੋਣ ਦੇ ਲਈ ਸੱਦਿਆ ਸੀ (ਕੂਚ 19:5, 6)। ਵਿਹਾਰਕ ਸ਼ਬਦਾਂ ਵਿਚ, ਉਸ ਵਿਸ਼ੇਸ਼ ਸੱਦੇ ਦਾ ਅਰਥ ਇਹ ਸੀ ਕਿ ਇਸਰਾਏਲੀਆਂ ਨੂੰ ਹੋਰ ਲੋਕਾਂ ਨਾਲੋਂ ਵੱਖਰੇ ਢੰਗ ਨਾਲ ਜੀਉਣ ਦੁਆਰਾ ਇਕ ਵੱਖਰੇਪਣ ਨੂੰ ਬਰਕਰਾਰ ਰੱਖਣ ਦੀ ਲੋੜ ਸੀ - ਉਦਾਹਰਣ ਦੇ ਲਈ, ਕੁਝ ਭੋਜਨਾਂ ਤੋਂ ਪਰਹੇਜ਼ ਕਰਨ, ਗੈਰ-ਵਿਸ਼ਵਾਸੀਆਂ ਨਾਲ ਵਿਆਹ ਕਰਵਾਉਣ ਤੋਂ ਬਚਣ ਅਤੇ ਸਬਤ ਨੂੰ ਮੰਨਣ, ਮੂਸਾ ਦੇ ਰਾਹੀਂ ਦਿੱਤੀਆਂ ਗਈਆਂ ਪਰਮੇਸ਼ੁਰ ਦੀਆਂ ਨੈਤਿਕ ਬਿਧੀਆਂ ਦੀ ਪਾਲਣਾ ਕਰਨ ਵਰਗੀਆਂ ਰਸਮੀ ਗੱਲਾਂ ਵਿਚ।

ਇਸੇ ਤਰ੍ਹਾਂ, ਕਲੀਸੀਆ ਨੂੰ ਇਕ ਦੇਹ ਦੇ ਰੂਪ ਵਿਚ ਅਤੇ ਮਸੀਹੀ ਲੋਕਾਂ ਨੂੰ ਵਿਅਕਤੀਆਂ ਦੇ ਰੂਪ ਵਿਚ "ਸੱਦਿਆ" ਗਿਆ ਹੈ (ਵੇਖੋ 1 ਪਤਰਸ 2:9)। ਅੱਜ ਕਲੀਸੀਆ ਵੀ ਉਹੀ ਹੈ ਜੋ ਇਸਰਾਏਲ ਪੁਰਾਣੇ ਨੇਮ ਦੇ ਅਧੀਨ ਸੀ: ਸਾਨੂੰ ਸੰਸਾਰ ਦੇ ਵਿੱਚੋਂ ਸੰਸਾਰ ਤੋਂ ਅੱਡ ਅਤੇ ਵੱਖ ਹੋਣ ਦੇ ਲਈ ਸੱਦਿਆ ਗਿਆ ਹੈ (ਰੋਮੀਆਂ 12:1, 2; ਯਾਕੂਬ 1:27; 1 ਯੂਹੰਨਾ 2:15-17)। ਇਹੋ ਜਿਹੇ ਸੱਦੇ ਦਾ ਅਰਥ ਇਹ ਨਹੀਂ ਹੈ ਕਿ ਸਾਨੂੰ ਪਵਿੱਤਰ ਸਮਾਜਾਂ ਵਿਚ ਇਕਾਂਤ ਜੀਵਨ ਜੀਉਣੇ ਚਾਹੀਦੇ ਹਨ ਅਤੇ ਕਲੀਸੀਆ ਤੋਂ ਬਾਹਰ ਪਾਪੀਆਂ ਨਾਲ ਕੋਈ ਵਾਸਤਾ ਨਹੀਂ ਰੱਖਣਾ ਚਾਹੀਦਾ।

ਇਸ ਦੀ ਬਜਾਇ, ਅਸੀਂ ਸੰਸਾਰ *ਦੇ* ਹੋਣ ਤੋਂ ਬਿਨ੍ਹਾਂ ਸੰਸਾਰ *ਵਿਚ* ਜੀਉਣਾ ਹੈ (ਯੂਹੰਨਾ 17:11, 14, 15, 18)। ਅਸੀਂ ਸੰਸਾਰ ਨੂੰ ਇਕ ਬਿਹਤਰ ਥਾਂ ਬਣਾਉਣ ਦੇ ਲਈ ਅਤੇ ਦੂਜਿਆਂ ਨੂੰ ਉਸ ਦੇ ਵੱਲ ਲੈ ਕੇ ਜਾਣ ਦੇ ਲਈ ਜਿਸ ਨੇ ਸਾਨੂੰ ਸੰਸਾਰ ਦੇ ਵਿੱਚੋਂ ਸੱਦਿਆ ਹੈ "ਲੂਣ" ਅਤੇ "ਚਾਨਣ" ਦੇ ਰੂਪ ਵਿਚ ਕੰਮ ਕਰਨਾ ਹੈ (ਮੱਤੀ 5:13-16)

## ਪਰਮੇਸ਼ੁਰ ਦੀ ਬਰਕਤ ਨੂੰ ਸਵੀਕਾਰ ਕਰਨ ਦੀ ਲੋੜ (23:10)

ਇਸਰਾਏਲ ਦਾ "ਧੂੜ" ਦੇ ਵਰਗਾ ਹੋਣਾ ਸਾਨੂੰ ਅਬਰਾਹਾਮ ਨਾਲ ਕੀਤੇ ਗਏ ਪਰਮੇਸ਼ੁਰ ਦੇ ਵਾਅਦੇ ਬਾਰੇ ਚੇਤੇ ਕਰਾਉਂਦਾ ਹੈ ਕਿ ਉਸ ਦੀ ਅੰਸ "ਧਰਤੀ ਦੀ ਧੂੜ" ਜਿੰਨੀ ਹੋਵੇਗੀ (ਉਤਪਤ 13:16; ਵੇਖੋ 22:17)। ਇਹ ਸਿਰਫ ਉਸ ਦੀ ਪਰਜਾ ਨਾਲ ਪਰਮੇਸ਼ੁਰ ਦੇ ਵਾਅਦੇ ਦਾ ਹਿੱਸਾ ਸੀ। ਉਸ ਨੇ ਅਬਰਾਹਾਮ ਨੂੰ ਇਹ ਵੀ ਆਖਿਆ ਸੀ ਕਿ "ਤੇਰੀ ਅੰਸ ਵਿੱਚ ਧਰਤੀ ਦੀਆਂ ਸਾਰੀਆਂ ਕੌਮਾਂ ਬਰਕਤ ਪਾਉਣਗੀਆਂ" (ਉਤਪਤ 22:18)। ਗਲਾਤੀਆਂ 3:16 ਵਿਚ, ਪੌਲੁਸ ਨੇ ਆਖਿਆ ਸੀ ਕਿ ਇਹ ਵਾਅਦਾ ਯਿਸੂ ਮਸੀਹ ਵਿਚ ਪੂਰਾ ਹੋਇਆ ਸੀ।

ਪਰਮੇਸ਼ੁਰ ਦੀ ਬਰਕਤ ਮਸੀਹ ਦੇ ਰਾਹੀਂ ਅੱਜ ਹਰੇਕ ਕੌਮ ਦੇ ਲੋਕਾਂ ਨੂੰ ਮਿਲਦੀ ਹੈ। ਉਹ ਸਭ ਜਿਹੜੇ ਖੁਸ਼ਖ਼ਬਰੀ ਦੇ ਸੰਦੇਸ਼ ਨੂੰ ਸੁਣਦੇ ਹਨ ਉਨ੍ਹਾਂ ਨੂੰ ਯਿਸੂ ਉੱਤੇ ਪਰਮੇਸ਼ੁਰ ਦੇ ਪੁੱਤਰ ਦੇ ਰੂਪ ਵਿਚ ਜਿਸ ਨੇ ਸਾਡੇ ਲਈ ਆਪਣੀ ਜਾਨ ਦਿੱਤੀ ਹੈ ਵਿਸ਼ਵਾਸ ਕਰਨ, ਫਿਰ ਉਸ ਵਿਸ਼ਵਾਸ ਦਾ ਇਕਰਾਰ ਕਰਨ, ਉਨ੍ਹਾਂ ਦੇ ਪਾਪਾਂ ਤੋਂ ਤੋਬਾ ਕਰਨ ਅਤੇ ਪਾਪ ਦੀ ਮਾਫ਼ੀ ਦੇ ਲਈ ਬਪਤਿਸਮੇ ਦੇ ਲਈ ਸੌਂਪਣ ਦੇ ਲਈ ਸੱਦਿਆ ਗਿਆ ਹੈ (ਰਸੂਲਾਂ ਦੇ ਕਰਤੱਬ 2:38; ਰੋਮੀਆਂ 10:8-11)। ਜਿਹੜੇ ਨਿਹਚਾ ਨਾਲ ਆਗਿਆ ਦਾ ਪਾਲਣ ਕਰਦੇ ਹਨ ਅਬਰਾਹਾਮ ਦੇ ਆਤਮਿਕ ਪੁੱਤਰ ਬਣ ਜਾਂਦੇ ਹਨ (ਗਲਾਤੀਆਂ 3:7, 29) ਅਤੇ ਸੁਰਗ ਵਿਚ ਸਦੀਪਕ ਜੀਵਨ ਦੀ ਬਰਕਤ ਨੂੰ ਲੈਂਦੇ ਹਨ (1 ਯੂਹੰਨਾ 5:11)।

## "ਮੇਰੀ ਜਾਨ ਧਰਮੀਆਂ ਦੀ ਮੌਤ ਮਰੇ" (23:10)

ਗਿਣਤੀ 23:10 ਵਿਚ ਅਸੀਂ ਪੜ੍ਹਦੇ ਹਾਂ, "ਮੇਰੀ ਜਾਨ ਸਚਿਆਰਾਂ ["ਧਰਮੀਆਂ"; NIV] ਦੀ ਮੌਤ ਮਰੇ ਅਤੇ ਮੇਰਾ ਅੰਤ ਉਸ ["ਉਨ੍ਹਾਂ"; NIV] ਵਰਗਾ ਹੋਵੇ!" ਇਹ ਇੱਛਾ ਬਿਲਆਮ ਦੁਆਰਾ ਪਰਗਟ ਕੀਤੀ ਗਈ ਸੀ ਜਦੋਂ ਉਸ ਨੂੰ ਇਹ ਪਰਕਾਸ਼ ਦਿੱਤਾ ਗਿਆ ਸੀ ਕਿ ਪਰਮੇਸ਼ੁਰ ਨੇ ਇਸਰਾਏਲ ਨੂੰ ਬਰਕਤ ਦਿੱਤੀ ਸੀ ਅਤੇ ਉਸ ਦੀ ਪਰਜਾ ਇੰਨੀ ਜ਼ਿਆਦਾ ਹੋਵੇਗੀ ਕਿ ਉਹ ਗਿਣੀ ਨਹੀਂ ਜਾ ਸਕੇਗੀ (23:8-10)। ਇਹ ਵਿਚਾਰ ਕਰਨ ਤੋਂ ਬਾਅਦ ਕਿ ਯਹੋਵਾਹ ਦੁਆਰਾ ਬਰਕਤ ਦਿੱਤੇ ਜਾਣ ਦਾ ਕੀ ਅਰਥ ਸੀ, ਬਿਲਆਮ ਨੇ ਇਹ ਕਹਿੰਦੇ ਹੋਏ ਜਵਾਬ ਦਿੱਤਾ ਕਿ ਉਹ ਇਸਰਾਏਲੀਆਂ ਦੇ ਵਾਂਗ ਬਣਨਾ ਚਾਹੁੰਦਾ ਸੀ ਜਿਨ੍ਹਾਂ ਨੂੰ ਪਰਮੇਸ਼ੁਰ ਬਰਕਤ ਦੇ ਰਿਹਾ ਸੀ: ਸਚਿਆਰ, ਜਾਂ ਧਰਮੀ। ਇਸ ਲਈ ਉਸ ਨੇ ਆਖਿਆ ਸੀ ਕਿ "ਮੇਰੀ ਜਾਨ ਧਰਮੀਆਂ ਦੀ ਮੌਤ ਮਰੇ!"

ਮੌਤ ਇਕ ਵਿਸ਼ਵਵਿਆਪੀ ਅਨੁਭਵ ਹੈ। ਅਸੀਂ ਇਹ ਨਿਸ਼ਚਤ ਹੋ ਸਕਦੇ ਹਾਂ ਕਿ ਜਦੋਂ ਤੱਕ ਅਸੀਂ ਜਿੰਦਾ ਹਾਂ ਜਦੋਂ ਮਸੀਹ ਵਾਪਸ ਆਵੇਗਾ, ਅਸੀਂ ਸਾਰੇ ਮਰ ਜਾਵਾਂਗੇ (ਇਬਰਾਨੀਆਂ 9:27)। ਚੰਗੇ ਲੋਕ ਅਤੇ ਬੁਰੇ ਲੋਕ ਸਭ ਮਰਨਗੇ।

ਤੁਸੀਂ ਕਿਸ ਤਰ੍ਹਾਂ ਦੀ ਮੌਤ ਦਾ ਅਨੁਭਵ ਕਰਨ ਦੀ ਆਸ ਕਰਦੇ ਹੋ? ਹਰ ਹਫ਼ਤੇ ਸਾਨੂੰ ਪ੍ਰਸਿੱਧ ਲੋਕਾਂ ਦੀਆਂ ਮੌਤਾਂ ਬਾਰੇ ਨਾਟਕੀ ਖ਼ਬਰਾਂ ਸੁਣਨ ਜਾਂ ਪੜ੍ਹਨ ਨੂੰ ਮਿਲਦੀਆਂ ਹਨ। ਨਿੱਜੀ ਤੌਰ ਤੇ, ਸਾਡੀ ਮੂਲ ਲਿਖਤ ਦੇ ਬੁਲਾਰੇ ਵਾਂਗ, ਮੈਂ ਵੀ ਇਹੋ ਚਾਹੁੰਦਾ ਹਾਂ ਕਿ ਮੇਰੀ ਜਾਨ ਵੀ ਧਰਮੀਆਂ ਦੀ ਮੌਤ ਮਰੇ। ਜਿਵੇਂ ਬਿਲਆਮ ਨੇ ਆਖਿਆ, "ਮੇਰੀ ਜਾਨ ਧਰਮੀਆਂ ਦੀ ਮੌਤ

ਮਰੇ!"

ਕਿਉਂ? ਮੌਤ ਵਿਚ ਧਰਮੀ ਨੂੰ ਕੀ ਫਾਇਦਾ ਹੁੰਦਾ ਹੈ?

ਕੁਝ ਤਰੀਕਿਆਂ ਨਾਲ, ਮੌਤ ਵਿਚ ਧਰਮੀ ਨੂੰ ਕੁਧਰਮੀ ਨਾਲੋਂ ਕੋਈ ਫਾਇਦਾ ਨਹੀਂ ਹੈ। ਪਹਿਲੀ ਗੱਲ, ਉਨ੍ਹਾਂ ਨੂੰ ਇਹ ਵਾਅਦਾ ਨਹੀਂ ਕੀਤਾ ਗਿਆ ਹੈ ਕਿ ਉਹ ਮੌਤ ਤੋਂ ਬਚ ਜਾਣਗੇ। ਯੂਹੰਨਾ ਬਪਤਿਸਮਾ ਦੇਣ ਵਾਲਾ, ਯਿਸੂ ਅਤੇ ਰਸੂਲ ਯਾਕੂਬ ਸਾਰੇ ਦੇ ਸਾਰੇ ਬੁਰੇ ਮਨੁੱਖਾਂ ਦੇ ਹੱਥੋਂ ਮਰੇ। ਜਿਵੇਂ ਉਨ੍ਹਾਂ ਨੂੰ ਮਰਨਾ ਪਿਆ ਸੀ, ਉਸੇ ਤਰ੍ਹਾਂ ਅਸੀਂ ਵੀ ਮਰਾਂਗੇ। ਦੂਜੀ ਗੱਲ, ਧਰਮੀਆਂ ਨੂੰ ਇਹ ਵਾਅਦਾ ਨਹੀਂ ਕੀਤਾ ਗਿਆ ਹੈ ਕਿ ਉਹ ਮੌਤ ਵਿਚ ਕੁਧਰਮੀਆਂ ਨਾਲੋਂ ਘੱਟ ਸਰੀਰਕ ਪੀੜਾ ਦਾ ਅਨੁਭਵ ਕਰਨਗੇ। ਬਰਕਤਾਂ ਜੋ ਸਾਨੂੰ ਮਸੀਹੀ ਹੋਣ ਦੇ ਨਾਤੇ ਮਿਲਦੀਆਂ ਹਨ ਮੁੱਖ ਤੌਰ ਤੇ ਸਰੀਰਕ ਜਾਂ ਦੁਨਿਆਵੀ ਨਹੀਂ ਹਨ। ਪਰਮੇਸ਼ੁਰ ਸਾਡੇ ਸਾਰੇ ਦੁੱਖ-ਦਰਦ ਦੂਰ ਕਰਨ ਦਾ ਵਾਅਦਾ ਨਹੀਂ ਕਰਦਾ ਹੈ, ਹਾਲਾਂਕਿ ਉਹ ਸਾਡੀ ਮਦਦ ਕਰੇਗਾ ਜਦੋਂ ਅਸੀਂ ਦੁੱਖ ਝੱਲਦੇ ਹਾਂ।

ਤਾਂ ਫਿਰ, ਸਾਨੂੰ ਧਰਮੀਆਂ ਦੀ ਮੌਤ ਮਰਨ ਦੀ ਇੱਛਾ ਕਿਉਂ ਕਰਨੀ ਚਾਹੀਦੀ ਹੈ? ਮੌਤ ਵਿਚ ਧਰਮੀ ਕੋਲ ਅਜਿਹਾ ਕੀ ਹੈ ਜੋ ਕੁਧਰਮੀ ਕੋਲ ਨਹੀਂ ਹੈ? ਬਾਈਬਲ ਉਨ੍ਹਾਂ ਫਾਇਦਿਆਂ ਬਾਰੇ ਕੁਝ ਸੰਕੇਤ ਦਿੰਦੀ ਹੈ। ਆਓ ਅਸੀਂ ਵੇਖੀਏ ਕਿ ਧਰਮੀਆਂ ਦੀ ਮੌਤ ਮਰਨ ਦਾ ਕੀ ਅਰਥ ਹੈ।

*ਚੰਗੇ ਕਰਮਾਂ ਦੇ ਲਈ ਯਾਦ ਕੀਤੇ ਜਾਣਾ ਅਤੇ ਚੰਗੇ ਲੋਕਾਂ ਦੁਆਰਾ ਵਿਰਲਾਪ ਕੀਤਾ ਜਾਣਾ।* ਪਤਰਸ ਨੂੰ ਯਾੱਪਾ ਵਿਚ ਬੁਲਾਇਆ ਗਿਆ ਜਦੋਂ ਦੋਰਕਸ ਮਰ ਗਈ। ਉੱਥੇ ਉਸ ਦੀ ਮੁਲਾਕਾਤ ਕਲੀਸੀਆ ਦੇ ਮੈਂਬਰਾਂ ਨਾਲ ਹੋਈ, ਜਿਹੜੇ ਉਸ ਦੀ ਮੌਤ ਤੇ ਵਿਰਲਾਪ ਕਰ ਰਹੇ ਸਨ ਅਤੇ ਉਸ ਦੇ ਚੰਗੇ ਕਰਮਾਂ ਦੇ ਸਬੂਤ ਦੇ ਤੌਰ ਤੇ ਉਸ ਦੇ ਦੁਆਰਾ ਬਣਾਏ ਗਏ ਕੱਪੜੇ ਵਿਖਾ ਰਹੇ ਸਨ (ਰਸੂਲਾਂ ਦੇ ਕਰਤੱਬ 9:36-39)। ਧਰਮੀ ਮਨੁੱਖਾਂ ਨੇ ਇਸੇ ਤਰ੍ਹਾਂ ਇਸਤੀਫ਼ਾਨ ਦੀ ਮੌਤ ਤੇ ਵਿਰਲਾਪ ਕੀਤਾ ਸੀ (ਰਸੂਲਾਂ ਦੇ ਕਰਤੱਬ 8:2)।

*ਇਕ ਅਜਿਹੀ ਮੌਤ ਦਾ ਅਨੁਭਵ ਕਰਨਾ ਜੋ ਪਰਮੇਸ਼ੁਰ ਦੀ ਨਜ਼ਰ ਵਿਚ "ਬਹੁਮੁੱਲੀ" ਹੈ।* ਸੰਸਾਰ ਵਿਚ ਲੱਖਾਂ ਲੋਕ ਅਦਾਕਾਰਾਂ, ਸਿਆਸੀ ਆਗੂਆਂ ਅਤੇ ਪ੍ਰਸਿੱਧ ਸੰਗੀਤਕਾਰਾਂ ਦੀਆਂ ਮੌਤਾਂ ਦਾ ਸੋਗ ਕਰਦੇ ਹਨ। ਕੀ ਪਰਮੇਸ਼ੁਰ ਕਿਸੇ ਵਿਸ਼ੇਸ਼ ਵਿਅਕਤੀ ਦੀ ਮੌਤ ਵੱਲ ਖ਼ਾਸ ਧਿਆਨ ਦਿੰਦਾ ਹੈ? ਬਾਈਬਲ ਕੇਵਲ ਇਹ ਆਖਦੀ ਹੈ, "ਯਹੋਵਾਹ ਦੀ ਨਿਗਾਹ ਵਿੱਚ ਉਹ ਦੇ ਸੰਤਾਂ ਦੀ ਮੌਤ ਬਹੁਮੁੱਲੀ ਹੈ" (ਜ਼ਬੂਰ 116:15; KJV)। ਪਰਮੇਸ਼ੁਰ ਦੀਆਂ ਨਜ਼ਰਾਂ ਵਿਚ, ਸੱਚੀ ਪ੍ਰਸਿੱਧ ਹਸਤੀ - ਉਹ ਵਿਅਕਤੀ ਜਿਸ ਦੀ ਮੌਤ ਨੂੰ ਪਰਮੇਸ਼ੁਰ ਕਬੂਲ ਕਰਦਾ ਅਤੇ ਮੁਬਾਰਕ ਮੰਨਦਾ ਹੈ - ਉਹ ਵਿਅਕਤੀ ਹੈ ਜਿਸ ਨੇ ਪਰਮੇਸ਼ੁਰ ਦੇ ਲਈ ਸਪਰਪਿਤ ਜੀਵਨ ਬਿਤਾਇਆ ਹੈ।

*ਦੂਤਾਂ ਦੁਆਰਾ ਚੁੱਕ ਕੇ ਅਬਰਾਹਾਮ ਦੀ ਗੋਦ ਵਿਚ ਰੱਖਿਆ ਜਾਣਾ।* ਯਿਸੂ ਦੇ ਦ੍ਰਿਸ਼ਟਾਂਤ ਅਨੁਸਾਰ, ਕੰਗਾਲ ਲਾਜ਼ਰ ਨੂੰ "ਦੂਤਾਂ ਨੇ ਅਬਰਾਹਾਮ ਦੀ ਗੋਦ ਵਿੱਚ ਲੈ ਜਾ ਰੱਖਿਆ" (ਲੂਕਾ 16:22)। ਸਾਡੇ ਵਿੱਚੋਂ ਕੁਝ ਲੋਕ ਇਸ ਜੀਵਨ ਵਿਚ ਜਹਾਜ਼ ਤੇ ਉਡਾਣ ਭਰਨ ਬਾਰੇ ਸੋਚ ਕੇ ਘਬਰਾ ਜਾਂਦੇ ਹਨ, ਪਰ ਇਹ "ਉਡਾਣ" - ਦੂਤਾਂ ਦੁਆਰਾ ਚੁੱਕ ਕੇ ਅਬਰਾਹਾਮ ਦੀ ਗੋਦ ਵਿਚ ਜਾ ਕੇ ਰੱਖਣਾ - ਉਹ ਉਡਾਣ ਹੋਵੇਗੀ ਜੋ ਸਾਡੇ ਵਿੱਚੋਂ ਹਰ ਕੋਈ ਵਿਅਕਤੀ ਪਸੰਦ ਕਰੇਗਾ।

*ਇਕ ਇਨਾਮ ਪ੍ਰਾਪਤ ਕਰਨਾ।* ਪੌਲੁਸ ਨੇ ਆਖਿਆ ਕਿ ਕਿਉਂਕਿ ਉਸ ਨੇ "ਚੰਗੀ ਕੁਸ਼ਤੀ ਲੜੀ" ਸੀ, "ਦੌੜ ਮੁਕਾ ਛੱਡੀ ਸੀ" ਅਤੇ "ਨਿਹਚਾ ਦੀ ਸਾਂਭ ਕੀਤੀ ਸੀ," ਉਹ ਦੇ ਲਈ - ਨਾ ਸਿਰਫ ਉਹ ਦੇ ਲਈ ਸਗੋਂ "ਓਹਨਾਂ ਸਭਨਾਂ ਦੇ ਲਈ ਜਿਨ੍ਹਾਂ ਉਹ ਦੇ [ਮਸੀਹ ਦੇ] ਪਰਕਾਸ਼

ਹੋਣ ਨੂੰ ਪਿਆਰਾ ਜਾਣਿਆ” ਇਕ “ਧਰਮ ਦਾ ਮੁਕਟ” ਰੱਖਿਆ ਹੋਇਆ ਹੈ (2 ਤਿਮੋਥਿਉਸ 4:7, 8)। ਦੂਜੇ ਸ਼ਬਦਾਂ ਵਿਚ, ਅਸੀਂ ਵੀ ਉਸੇ ਇਨਾਮ ਦੀ ਉਡੀਕ ਕਰ ਸਕਦੇ ਹਾਂ ਜੋ ਪੌਲੁਸ ਨੂੰ ਮਿਲਣਾ ਸੀ। ਧਰਤੀ ਉੱਤੇ ਵਫ਼ਾਦਾਰੀ ਨਾਲ ਪ੍ਰਭੂ ਦੀ ਸੇਵਾ ਕਰਨ ਦੇ ਲਈ ਸਾਨੂੰ ਕੁਝ ਇਨਾਮ ਮਿਲੇ ਹੋਣਗੇ, ਪਰ ਸਾਨੂੰ ਉਸ ਸਮੇਂ ਵੀ ਇਨਾਮ ਦਿੱਤਾ ਜਾਵੇਗਾ ਜਦੋਂ ਇਹ ਜੀਵਨ ਖਤਮ ਹੋ ਜਾਵੇਗਾ (ਵੇਖੋ ਮੱਤੀ 25:31-46; ਪਰਕਾਸ਼ ਦੀ ਪੋਥੀ 2:10)।

***ਪਰਮੇਸ਼ੁਰ ਦੁਆਰਾ ਮੁਬਾਰਕ ਅਖਵਾਉਣਾ।*** ਪਰਕਾਸ਼ ਦੀ ਪੋਥੀ 14:13 ਆਖਦੀ ਹੈ, “ਫੇਰ ਮੈਂ ਇੱਕ ਆਵਾਜ਼ ਅਕਾਸ਼ੋਂ ਇਹ ਆਖਦੇ ਸੁਣੀ ਭਈ ਲਿਖ ਲੈ, ਧੰਨ ਓਹ ਮੁਰਦੇ ਜਿਹੜੇ ਏਦੋਂ ਅੱਗੇ ਪ੍ਰਭੂ ਵਿੱਚ ਹੋ ਕੇ ਮਰਨ। ਆਤਮਾ ਆਖਦਾ ਹੈ, ਹਾਂ, ਇਸ ਲਈ ਜੋ ਓਹਨਾਂ ਦੀਆਂ ਮਿਹਨਤਾਂ ਤੋਂ ਓਹਨਾਂ ਨੂੰ ਅਰਾਮ ਮਿਲੇਗਾ ਕਿਉਂ ਜੋ ਓਹਨਾਂ ਦੇ ਕੰਮ ਓਹਨਾਂ ਦੇ ਨਾਲ ਨਾਲ ਜਾਂਦੇ ਹਨ।” ਕਿਨ੍ਹਾਂ ਦੀਆਂ ਮੌਤਾਂ ਪਰਮੇਸ਼ੁਰ ਦੁਆਰਾ ਮੁਬਾਰਕ ਅਖਵਾਉਂਦੀਆਂ ਹਨ? ਸਿਰਫ ਉਨ੍ਹਾਂ ਦੀਆਂ ਮੌਤਾਂ ਜਿਹੜੇ “ਪ੍ਰਭੂ ਵਿੱਚ ਹੋ ਕੇ ਮਰਦੇ” ਹਨ। ਇਸ ਲਈ, ਮਸੀਹੀ ਵਿਅਕਤੀ ਦੇ ਲਈ ਮੌਤ ਪਰਮੇਸ਼ੁਰ ਦੁਆਰਾ ਮੁਬਾਰਕ ਅਖਵਾਉਣ ਦਾ ਇਕ ਮੌਕਾ ਹੈ।

***ਪਿਤਾ ਅਤੇ ਪੁੱਤਰ ਦੇ ਨਾਲ ਹੋਣਾ।*** ਇਸਤੀਫ਼ਾਨ ਆਪਣੇ ਮਨ ਵਿਚ ਯਿਸੂ ਦੇ ਇਕ ਦਰਸ਼ਣ ਨਾਲ ਮਰਿਆ ਸੀ; ਉਸ ਨੇ ਯਿਸੂ ਨੂੰ “ਪਰਮੇਸ਼ੁਰ ਦੇ ਸੱਜੇ ਹੱਥ ਖੜਾ” ਵੇਖਿਆ ਸੀ (ਰਸੂਲਾਂ ਦੇ ਕਰਤੱਬ 7:55)। ਯਿਸੂ ਬੈਠਣ ਦੀ ਬਜਾਇ ਖੜਾ ਕਿਉਂ ਸੀ? ਸ਼ਾਇਦ ਉਹ ਇਸਤੀਫ਼ਾਨ ਦਾ ਸਵਾਗਤ ਕਰਨ ਦੀ ਤਿਆਰੀ ਕਰ ਰਿਹਾ ਸੀ। ਪੌਲੁਸ ਨੇ ਆਖਿਆ ਕਿ ਜੇਕਰ ਉਹ ਮਰ ਜਾਂਦਾ ਹੈ ਤਾਂ ਉਹ ਯਿਸੂ ਦੇ ਨਾਲ ਹੋਣ ਦੀ ਉਡੀਕ ਕਰ ਸਕਦਾ ਹੈ (ਫ਼ਿਲਿੱਪੀਆਂ 1:21-24)। ਜਦੋਂ ਯਿਸੂ ਮਰ ਰਿਹਾ ਸੀ ਤਾਂ ਉਸ ਨੇ ਆਖਿਆ, “ਮੈਂ ਆਪਣਾ ਆਤਮਾ ਤੇਰੇ ਹੱਥੀਂ ਸੌਂਪਦਾ ਹਾਂ” (ਲੂਕਾ 23:46)। ਕਿਉਂਕਿ ਅਸੀਂ ਪਰਮੇਸ਼ੁਰ ਦੇ ਨਾਲ ਹੋਣ ਦੀ ਆਸ ਕਰ ਸਕਦੇ ਹਾਂ, ਅਸੀਂ ਵੀ ਪੌਲੁਸ ਦੇ ਵਾਂਗ ਕਹਿ ਸਕਦੇ ਹਾਂ ਕਿ ਸਾਡੇ ਲਈ ਜੀਉਣ ਨਾਲੋਂ ਮਰਨਾ ਚੰਗਾ ਹੈ (ਫ਼ਿਲਿੱਪੀਆਂ 1:21, 23)।

*ਸਿੱਟਾ।* ਧਰਮੀ ਦੀ ਮੌਤ ਮਰਨਾ ਇਕ ਅਜਿਹੇ ਸ਼ਾਂਤ ਭਰੋਸੇ, ਵਿਸ਼ਵਾਸ ਅਤੇ ਆਸ ਨਾਲ ਮੌਤ ਦਾ ਸਾਹਮਣਾ ਕਰਨਾ ਹੈ ਜੋ ਦੂਜਿਆਂ ਕੋਲ ਨਹੀਂ ਹੈ। ਦੂਜੇ ਲੋਕ ਡਰ ਨਾਲ ਅਤੇ ਕੰਬਦੇ ਹੋਏ ਮੌਤ ਦਾ ਸਾਹਮਣਾ ਕਰ ਸਕਦੇ ਹਨ, ਪਰ ਮਸੀਹੀ ਲੋਕਾਂ ਨੂੰ ਡਰਨ ਦੀ ਕੋਈ ਲੋੜ ਨਹੀਂ ਹੈ। ਅਸੀਂ ਜਾਣਦੇ ਹਾਂ ਕਿ ਮੌਤ ਸਾਡੇ ਲਈ ਸਿਰਫ ਇਕ ਬਿਹਤਰ ਸੰਸਾਰ ਦੇ ਵੱਲ ਨੂੰ ਇਕ ਬੂਹਾ ਖੋਲ੍ਹਦੀ ਹੈ। ਕਲੀਸੀਆ ਦਾ ਇਤਹਾਸ ਦੱਸਦਾ ਹੈ ਕਿ ਮਸੀਹ ਵਿਚ ਕਿੰਨੇ ਵਿਸ਼ਵਾਸੀਆਂ ਨੇ ਉਨ੍ਹਾਂ ਦੀਆਂ ਮੌਤਾਂ - ਸੂਲੀ ਦੇ ਉੱਤੇ ਸਾੜੇ ਜਾਣ ਜਾਂ ਸ਼ੇਰਾਂ ਦੁਆਰਾ ਖਾਧੇ ਜਾਣ ਵਰਗੀਆਂ ਬੇਰਹਿਮ ਮੌਤਾਂ - ਦਾ ਸ਼ਾਂਤ ਭਰੋਸੇ ਨਾਲ ਸਾਹਮਣਾ ਕੀਤਾ ਕਿ ਉਨ੍ਹਾਂ ਦੇ ਦੁਸ਼ਮਣ ਹੈਰਾਨ ਰਹਿ ਗਏ।

ਜਦ ਅਸੀਂ ਜਿੰਦਾ ਹਾਂ ਤਾਂ ਸਾਨੂੰ ਮੌਤ ਦੇ ਵਿਸ਼ੇ ਬਾਰੇ ਸੋਚਣਾ ਵੀ ਕਿਉਂ ਚਾਹੀਦਾ ਹੈ? ਸਾਨੂੰ ਇਸ ਤੇ ਵਿਚਾਰ ਕਰਨਾ ਚਾਹੀਦਾ ਹੈ ਕਿ ਅਸੀਂ ਕਿਵੇਂ ਮਰਾਂਗੇ ਕਿਉਂਕਿ ਆਖ਼ਰਕਾਰ ਅਸੀਂ ਮੌਤ ਦਾ ਸਾਹਮਣਾ ਕਰਾਂਗੇ। ਦਰਅਸਲ, ਮੌਤ ਸਾਡੇ ਸੋਚਣ ਤੋਂ ਪਹਿਲਾਂ ਆ ਸਕਦੀ ਹੈ। ਜੇਕਰ ਮੌਤ ਆ ਜਾਂਦੀ ਹੈ, ਸਾਨੂੰ ਉਸ ਦੇ ਲਈ ਤਿਆਰ ਰਹਿਣ ਦੀ ਲੋੜ ਹੈ। ਅਸੀਂ ਕਿਵੇਂ ਤਿਆਰ ਹੋ ਸਕਦੇ ਹਾਂ? ਧਰਮੀ ਬਣ ਕੇ, ਮਸੀਹ ਦੀ ਧਾਰਮਿਕਤਾ ਦੇ ਰਾਹੀਂ, ਪਰਮੇਸ਼ੁਰ ਦੀ ਕਿਰਪਾ ਦੇ ਰਾਹੀਂ ਬਚਣ ਦੁਆਰਾ ਅਤੇ ਫਿਰ ਇਕ ਧਰਮੀ ਵਿਅਕਤੀ ਵਾਲਾ ਜੀਵਨ ਜੀਉਣ ਦੇ ਦੁਆਰਾ। ਕੋਈ ਵੀ ਵਿਅਕਤੀ ਧਰਮੀ ਦੀ ਮੌਤ ਨਹੀਂ ਮਰੇਗਾ ਜੇਕਰ ਉਸ ਨੇ ਪਹਿਲਾਂ ਧਰਮੀ ਵਾਲਾ ਜੀਵਨ ਨਹੀਂ ਗੁਜਾਰਿਆ ਹੈ।

## ਟਿੱਪਣੀਆਂ

[1]ਇਨ੍ਹਾਂ ਅਰਥਾਂ ਤੋਂ ਇਲਾਵਾ, NASB ਬਾਈਬਲ *ਮਸ਼ਲ* ਦਾ ਅਨੁਵਾਦ "ਕਹਾਉਤ" (ਜ਼ਬੂਰਾਂ 44:14; 69:11; ਯੋਏਲ 2:17), "ਬੋਲੀ ਮਾਰਨਾ" (ਯਸਾਯਾਹ 14:4; ਮੀਕਾਹ 2:4) ਅਤੇ "ਮੇਹਣੇ" (ਹਬੱਕੂਕ 2:6) ਦੇ ਰੂਪ ਵਿਚ ਕਰਦੀ ਹੈ। [2]ਐਡਵਰਡ ਡੀ. ਗਰੋਹਮਨ ਦੀ ਪੁਸਤਕ *ਦਿ ਇੰਟਰਪ੍ਰੀਟਰਸ ਡਿਕਸ਼ਨਰੀ ਆਫ਼ ਦ ਬਾਈਬਲ*, ਸੰਪਾ. ਜੌਰਜ ਆਰਥਰ ਬੱਟਰਿਕ (ਨੈਸ਼ਵਿਲੇ: ਅਬਿੰਗਡਨ ਪ੍ਰੈਸ, 1962) ਵਿਚ ਸਫ਼ਾ 1:345 ਤੇ "ਬਾਮੋਥ-ਬਆਲ" ਹੈ। [3]ਬਾਰੁਚ ਏ. ਲੀਵਾਈਨ ਦੀ ਪੁਸਤਕ ਦਿ ਐਂਕਰ ਬਾਈਬਲ, ਜਿਲਦ 5 (ਨਿਊ ਯਾਰਕ: ਡੱਬਲਡੇਅ, 2000) ਵਿਚ ਸਫ਼ਾ 167 ਤੇ *ਗਿਣਤੀ 21-36* ਹੈ। [4]ਟਿਮੋਥੀ ਆਰ. ਐਸ਼ਲੀ ਦੀ ਪੁਸਤਕ ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦਿ ਓਲਡ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1993) ਵਿਚ ਸਫ਼ਾ 470 ਤੇ *ਗਿਣਤੀ ਦੀ ਪੁਸਤਕ* ਹੈ। [5]ਉਸੇ ਸਥਾਨ ਤੇ, 478. [6]ਆਰ. ਡੈਨਿਸ ਕੋਲ ਦੀ ਪੁਸਤਕ *ਜ਼ੋਂਡੇਰਵਨ ਇਲੂਸਟਰੇਟਡ ਬਾਈਬਲ ਬੈਕਗਰਾਊਂਡਸ ਕਮੈਂਟਰੀ*, ਜਿਲਦ 1, *ਉਤਪਤ, ਕੂਚ, ਲੇਵੀਆਂ ਦੀ ਪੋਥੀ, ਗਿਣਤੀ, ਬਿਵਸਥਾ ਸਾਰ*, ਸੰਪਾ. ਜੌਨ ਐਚ. ਵਾਲਟਨ (ਗਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ, 2009) ਵਿਚ ਸਫ਼ਾ 383 ਤੇ "ਗਿਣਤੀ" ਹੈ।